ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 26 ਜੁਲਾਈ 2025 (ਨਾਨਕਸ਼ਾਹੀ ਸੰਮਤ : ੫੫੭, ੧੦ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111, +447976210161, +919729091243




## ਪੰਜਾਬ 'ਚ ਵਧਿਆ ਹੜ੍ਹਾਂ ਦਾ ਖ਼ਤਰਾ ! ਕੋਲਡੈਮ ਤੋਂ ਛੱਡਿਆ ਪਾਣੀ, ਸਤਲੁਜ 'ਚ ਵਧਿਆ ਪਾਣੀ ਦਾ ਪੱਧਰ

**ਚੰਡੀਗੜ੍ਹ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਅੱਜ ਸਵੇਰੇ 10 ਵਜੇ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਵਿੱਚ ਸਤਲੁਜ ਦਰਿਆ 'ਤੇ ਕੋਲ-ਡੈਮ ਤੋਂ ਪਾਣੀ ਛੱਡਿਆ ਗਿਆ। ਇਸ ਨਾਲ ਸਤਲੁਜ ਦੇ ਪਾਣੀ ਦਾ ਪੱਧਰ ਚਾਰ ਤੋਂ ਪੰਜ ਮੀਟਰ ਵਧ ਗਿਆ ਹੈ। ਇਸ ਦੇ ਮੱਦੇਨਜ਼ਰ, ਬਿਲਾਸਪੁਰ ਤੋਂ ਪੰਜਾਬ ਜਾਣ ਵਾਲੇ ਲੋਕਾਂ ਨੂੰ ਸਤਲੁਜ ਦਰਿਆ ਦੇ ਨੇੜੇ ਨਾ ਜਾਣ ਦੀ ਸਲਾਹ ਦਿੱਤੀ ਗਈ ਹੈ। ਦੱਸ ਦਈਏ ਕਿ ਕੋਲ-ਡੈਮ ਛੱਡਣ ਤੋਂ ਪਾਣੀ ਛੱਡਣ ਬਾਅਦ, ਸਤਲੁਜ ਦਾ ਪਾਣੀ ਪੰਜਾਬ ਦੇ ਰੋਪੜ (ਰੂਪਨਗਰ) ਵਿੱਚ ਦਾਖਲ ਹੁੰਦਾ ਹੈ। ਰੋਪੜ ਤੋਂ ਪਰੇ, ਸਤਲੁਜ ਦਰਿਆ ਪੰਜਾਬ ਵਿੱਚ ਪੱਛਮ ਵੱਲ ਵਗਦਾ ਹੈ, ਲੁਧਿਆਣਾ ਜ਼ਿਲ੍ਹੇ ਵਿੱਚੋਂ ਲੰਘਦਾ ਹੈ। ਇਸ ਤੋਂ ਬਾਅਦ, ਇਹ ਹਰੀਕੇ-ਪੱਤਨ ਦੇ ਨੇੜੇ ਬਿਆਸ ਦਰਿਆ ਨਾਲ ਮਿਲਦਾ ਹੈ ਤੇ ਫਿਰ ਦੱਖਣ-ਪੱਛਮ ਵੱਲ ਮੁੜਦਾ ਹੈ ਅਤੇ ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ ਵਗਦਾ ਹੈ। ਅੰਤ ਵਿੱਚ, ਇਹ ਦਰਿਆ ਪਾਕਿਸਤਾਨ ਵਿੱਚ ਦਾਖਲ ਹੁੰਦਾ ਹੈ ਤੇ ਬਹਾਵਲਪੁਰ ਦੇ ਨੇੜੇ ਚਨਾਬ ਦਰਿਆ ਵਿੱਚ ਮਿਲ ਜਾਂਦਾ ਹੈ। ਹਿਮਾਚਲ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਅੱਜ ਧੁੱਪ ਜ਼ਰੂਰ ਹੈ ਅਤੇ ਮੌਸਮ ਸਾਫ਼ ਰਹਿਣ ਦੀ ਭਵਿੱਖਬਾਣੀ ਕੀਤੀ ਗਈ ਹੈ ਪਰ ਕੱਲ੍ਹ ਤੋਂ ਪੱਛਮੀ ਗੜਬੜੀ ਫਿਰ ਸਰਗਰਮ ਹੋ ਰਹੀ ਹੈ। ਇਸ ਦੇ ਮੱਦੇਨਜ਼ਰ, 26 ਜੁਲਾਈ ਲਈ ਮੰਡੀ, ਸ਼ਿਮਲਾ, ਸੋਲਨ ਅਤੇ ਸਿਰਮੌਰ ਜ਼ਿਲ੍ਹਿਆਂ ਲਈ ਮੀਂਹ ਲਈ ਪੀਲਾ ਅਲਰਟ ਜਾਰੀ ਕੀਤਾ ਗਿਆ ਹੈ।

## ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ

# ਸਰਕਾਰੀ ਸੈਮੀਨਾਰ 'ਚ ਹੋਈ 'ਬੇਅਦਬੀ'

**ਅੰਮ੍ਰਿਤਸਰ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ੍ਰੀਨਗਰ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ 350ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਸੈਮੀਨਾਰ ਦੌਰਾਨ ਨੱਚ-ਗਾ ਕੇ ਕੀਤੇ ਮਨੋਰੰਜਨ ਪ੍ਰਦਰਸ਼ਨਾਂ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੇ ਸਮਾਗਮ ਵਿੱਚ ਜਿਸ ਤਰ੍ਹਾਂ ਗੁਰੂ ਸਾਹਿਬ ਦੀ ਪਵਿੱਤਰ ਸ਼ਹਾਦਤ ਦੀ ਭਾਵਨਾ ਵਿਰੁੱਧ ਪੇਸ਼ਕਾਰੀਆਂ ਕੀਤੀਆਂ ਗਈਆਂ ਉਸ ਨਾਲ ਸ਼ਹਾਦਤ ਦੇ ਸੰਕਲਪ ਦੇ ਨਾਲ ਨਾਲ ਗੁਰਮਤਿ ਮਰਿਆਦਾ ਅਤੇ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਭਾਰੀ ਸੱਟ ਵੱਜੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ



ਦੀ ਸ਼ਹਾਦਤ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਸਰਵਉੱਚ ਤੇ ਲਾਸਾਨੀ ਹੈ। ਇਸ ਲਈ ਗੁਰੂ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸਬੰਧੀ ਕਰਵਾਏ ਜਾਣ ਵਾਲੇ ਹਰ ਸਮਾਗਮ ਦੀ ਰੂਪਰੇਖਾ ਸਿੱਖ ਮਰਿਆਦਾ, ਸ਼ਰਧਾ, ਸੰਜਮ ਅਤੇ ਗੁਰਬਾਣੀ ਦੇ ਸਤਿਕਾਰ ਦੀ ਭਾਵਨਾ ਦੇ ਅਨੁਕੂਲ ਹੋਣੀ ਲਾਜ਼ਮੀ ਹੈ ਪਰ ਭਾਸ਼ਾ ਵਿਭਾਗ ਪੰਜਾਬ ਨੇ ਇਸ ਮੌਕੇ ਨੂੰ ਮਨੋਰੰਜਨ ਦਾ ਸਾਧਨ ਬਣਾ ਕੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ 'ਤੇ ਗਹਿਰੀ ਸੱਟ ਮਾਰੀ ਹੈ। ਉਨ੍ਹਾਂ ਆਖਿਆ ਕਿ ਇਸੇ ਲਈ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਸਪੱਸ਼ਟ ਕੀਤਾ ਹੋਇਆ ਹੈ ਕਿ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਅਤੇ ਪੁਰਬ ਸਿੱਖ ਸੰਸਥਾਵਾਂ ਵੱਲੋਂ ਹੀ ਮਨਾਏ ਜਾਣੇ ਚਾਹੀਦੇ ਹਨ, ਕਿਉਂਕਿ ਸਰਕਾਰਾਂ ਅਤੇ ਸਰਕਾਰੀ ਅਦਾਰਿਆਂ ਲਈ ਗੁਰਮਤਿ ਮਰਿਆਦਾ ਦੀ ਸਹੀ ਪਾਲਣਾ ਔਖਾ ਕੰਮ ਹੈ। ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੀ ਤਾਜ਼ਾ ਹਰਕਤ ਨੇ ਸ਼੍ਰੋਮਣੀ ਕਮੇਟੀ ਦੇ ਖ਼ਦਸ਼ੇ ਉਤੇ ਮੋਹਰ ਲਗਾ ਦਿੱਤੀ ਹੈ, ਜਿਸ ਨੂੰ ਮੁੱਖ ਮੰਤਰੀ ਤੁਰੰਤ ਸਮਝਣ ਅਤੇ ਸਰਕਾਰੀ ਤੌਰ 'ਤੇ ਕੇਵਲ ਵਿਕਾਸ ਕਾਰਜਾਂ ਤੱਕ ਹੀ ਜ਼ਿੰਮੇਵਾਰੀ ਨਿਭਾਉਣ। ਐਡਵੋਕੇਟ ਧਾਮੀ ਨੇ ਜ਼ੋਰ ਦੇ ਕੇ ਕਿਹਾ ਕਿ ਸਿੱਖ ਗੁਰਪੁਰਬ ਕੋਈ ਸਧਾਰਣ ਜਸ਼ਨ ਜਾਂ ਮਨੋਰੰਜਨਕ ਤਿਉਹਾਰ ਨਹੀਂ, ਸਗੋਂ ਆਤਮਕ ਜਾਗਰੂਕਤਾ ਅਤੇ ਗੁਰਮਤਿ ਸਿਧਾਂਤਾਂ ਨੂੰ ਸਮਰਪਿਤ ਸਮਾਗਮ ਹਨ। ਇਨ੍ਹਾਂ ਵਿੱਚ ਸ਼ਬਦ ਕੀਰਤਨ, ਗੁਰਮਤਿ ਚਿੰਤਨ, ਗੁਰਬਾਣੀ ਪਾਠ, ਸੇਵਾ ਅਤੇ ਸਿਮਰਨ ਵਰਗੀਆਂ ਪਵਿੱਤਰ ਗਤੀਵਿਧੀਆਂ ਸ਼ਾਮਲ ਹੁੰਦੀਆਂ ਹਨ। ਨੱਚਣਾ ਗਾਉਣਾ ਜਾਂ ਹੋਰ ਮਨੋਰੰਜਨਕ ਪ੍ਰਦਰਸ਼ਨ ਨਾ ਸਿਰਫ਼ ਗੁਰਮਤਿ ਦੇ ਸਿਧਾਂਤਾਂ ਦੀ ਉਲੰਘਣਾ ਹਨ, ਸਗੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਬੇਅਦਬੀ ਵੀ ਹਨ।

## ਪੰਜਾਬ 'ਚ ਵੱਡੀ ਘਟਨਾ ! ਯਾਤਰੀਆਂ ਨਾਲ ਭਰੀ ਬੱਸ 'ਤੇ ਬਦਮਾਸ਼ਾਂ ਵੱਲੋਂ ਹਮਲਾ, ਮੱਚ ਗਿਆ ਹੜਕੰਪ

**ਦਸੂਹਾ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਦਸੂਹਾ ਖੇਤਰ ਤੋਂ ਇੱਕ ਵੱਡੀ ਵਾਰਦਾਤ ਸਾਹਮਣੇ ਆਈ ਹੈ। ਇੱਥੇ ਕਰੀਬ 2 ਦਰਜਨ ਹਥਿਆਰਬੰਦ ਬਦਮਾਸ਼ਾਂ ਨੇ ਯਾਤਰੀਆਂ ਨਾਲ ਭਰੀ ਇਕ ਬੱਸ 'ਤੇ ਹਮਲਾ ਕਰ ਦਿੱਤਾ। ਬਦਮਾਸ਼ਾਂ ਨੇ ਪਹਿਲਾਂ ਬੱਸ ਨੂੰ ਰੋਕਿਆ ਅਤੇ ਫੇਰ ਬੱਸ ਦੀ ਤੋੜ-ਫੋੜ ਸ਼ੁਰੂ ਕਰ ਦਿੱਤੀ। ਫਿਰ ਬੱਸ ਡਰਾਈਵਰ ਨੂੰ ਬੇਰਹਮੀ ਨਾਲ ਕੁੱਟਿਆ ਗਿਆ। ਜਦੋਂ ਕੁਝ ਯਾਤਰੀ ਡਰਾਈਵਰ ਨੂੰ ਬਚਾਉਣ ਆਏ ਤਾਂ ਉਨ੍ਹਾਂ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਇਹ ਸਾਰੀ ਘਟਨਾ ਬਹੁਤ ਡਰਾਉਣੀ ਸੀ ਕਿ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਹਮਲੇ ਤੋਂ ਬਾਅਦ ਬਦਮਾਸ਼ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਇਲਾਕੇ ਦੀ ਘੇਰਾਬੰਦੀ ਕਰਕੇ ਦੋਸ਼ੀਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਜਾਰੀ



ਹੈ। ਜਾਣਕਾਰੀ ਅਨੁਸਾਰ ਇਹ ਵਾਰਦਾਤ ਦਸੂਹਾ-ਹਾਜੀਪੁਰ ਰੋਡ 'ਤੇ ਦੇਰ ਸ਼ਾਮ ਵਾਪਰੀ। ਬਦਲਾ ਮੋੜ ਦੇ ਕੋਲ ਮੋਟਰਸਾਈਕਲਾਂ 'ਤੇ ਆਏ ਬਦਮਾਸ਼ਾਂ ਨੇ ਬੱਸ ਨੂੰ ਰਸਤੇ ਵਿੱਚ ਘੇਰ ਲਿਆ। ਉਸ ਤੋਂ ਬਾਅਦ ਉਨ੍ਹਾਂ ਨੇ ਮਿਲ ਕੇ ਬੱਸ ਦੇ ਸ਼ੀਸ਼ੇ ਤੋੜੇ ਅਤੇ ਯਾਤਰੀਆਂ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਬੱਸ ਵਿੱਚ ਮੌਜੂਦ ਇਕ ਪੁਲਿਸ ਮੁਲਾਜ਼ਮ ਨਾਲ ਵੀ ਬਦਸਲੂਕੀ ਕੀਤੀ ਗਈ ਅਤੇ ਉਸ ਦੀ ਵਰਦੀ ਵੀ ਫਾੜ ਦਿੱਤੀ ਗਈ। ਘਟਨਾ ਤੋਂ ਬਾਅਦ ਇਲਾਕੇ ਵਿੱਚ ਡਰ ਅਤੇ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਜੇਕਰ ਦੇਖਿਆ ਜਾਏ ਤਾਂ ਪੰਜਾਬ ਦੇ ਵਿੱਚ ਬਾਦਮਾਸ਼ਾਂ ਦੇ ਹੌਸਲੇ ਬੁਲੰਦ ਹੋਏ ਪਏ ਨੇ ਸ਼ਰੇਆਮ ਕੁੱਟਮਾਰ ਕਰ ਦਿੰਦੇ, ਕੀਤੇ ਗੋਲੀਆਂ ਚਲਾ ਦਿੰਦੇ। ਅਜਿਹੀਆਂ ਘਟਨਾਵਾਂ ਸਰਕਾਰ ਦੀ ਕਾਰਗੁਜ਼ਾਰੀ ਨੂੰ ਸਵਾਲਾਂ ਦੇ ਘੇਰ ਦੇ ਵਿੱਚ ਖੜ੍ਹੀ ਕਰ ਦਿੰਦੀਆਂ ਹਨ।

## ਭੀਖ ਮੰਗਦੇ ਹੋਏ ਫੜ੍ਹੇ ਗਏ 3 ਬੱਚੇ ਪਿੰਗਲਵਾੜੇ ਤੋਂ ਹੋਏ ਫ਼ਰਾਰ, ਲਾਈ ਅਜਿਹੀ ਸਕੀਮ ਵੱਡੇ-ਵੱਡੇ ਵੀ ਰਹਿ ਜਾਣਗੇ ਹੈਰਾਨ, ਪ੍ਰਸ਼ਾਸਨ 'ਚ ਭਾਜੜ !

**ਅੰਮ੍ਰਿਤਸਰ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਦੀ "ਜੀਵਨਜਯੋਤ 2.0" ਮੁਹਿੰਮ ਤਹਿਤ ਪਿਛਲੇ ਹਫ਼ਤੇ ਅੰਮ੍ਰਿਤਸਰ ਤੋਂ ਫੜੇ ਗਏ ਛੇ ਨਾਬਾਲਗ ਭਿਖਾਰੀ ਬੱਚਿਆਂ




ਵਿੱਚੋਂ ਤਿੰਨ ਪਿੰਗਲਵਾੜਾ ਦੇ ਕੇਅਰ ਸੈਂਟਰ ਤੋਂ ਭੱਜ ਗਏ। ਇਨ੍ਹਾਂ ਸਾਰੇ ਬੱਚਿਆਂ ਨੂੰ ਇੱਕ ਹਫ਼ਤਾ ਪਹਿਲਾਂ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ (ਡੀਸੀਪੀਯੂ) ਨੇ ਸ਼ਹਿਰ ਦੀਆਂ ਗਲੀਆਂ ਤੋਂ ਚੁੱਕਿਆ ਸੀ ਤੇ ਇਸ ਸਮੇਂ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਦੀ ਦੇਖ-ਰੇਖ ਹੇਠ ਹਨ। ਦੱਸਿਆ ਜਾ ਰਿਹਾ ਹੈ ਕਿ ਤਿੰਨ ਬੱਚੇ, ਜਿਨ੍ਹਾਂ ਦੀ ਉਮਰ 10 ਤੋਂ 15 ਸਾਲ ਦੇ ਵਿਚਕਾਰ ਸੀ, ਆਪਣੇ ਪਰਿਵਾਰਾਂ ਨਾਲ ਅੰਮ੍ਰਿਤਸਰ ਆਏ ਸਨ। ਇੱਥੇ ਆਉਣ ਤੋਂ ਬਾਅਦ, ਉਨ੍ਹਾਂ ਨੇ ਭੀਖ ਮੰਗਣੀ ਸ਼ੁਰੂ ਕਰ ਦਿੱਤੀ। ਫੜੇ ਜਾਣ ਤੋਂ ਬਾਅਦ, ਉਨ੍ਹਾਂ ਨੂੰ ਪਿੰਗਲਵਾੜਾ ਵਿੱਚ ਰੱਖਿਆ ਗਿਆ। ਇੱਥੋਂ, ਇਹ ਬੱਚੇ ਬੱਸ ਸਟੈਂਡ ਦੇ ਨੇੜੇ ਇੱਕ ਕੰਧ 'ਤੇ ਪੌੜੀ ਚੜ੍ਹ ਕੇ ਭੱਜ ਗਏ। ਹੈਰਾਨੀ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਉਸ ਇਲਾਕੇ ਵਿੱਚ ਕੋਈ ਸੀਸੀਟੀਵੀ ਨਹੀਂ ਸੀ। ਇਹ ਸਪੱਸ਼ਟ ਹੈ ਕਿ ਭੱਜਣ ਤੋਂ ਪਹਿਲਾਂ, ਉਨ੍ਹਾਂ ਨੇ ਪੂਰੇ ਕੇਂਦਰ ਦੀ ਰੇਕੀ ਕੀਤੀ ਤੇ ਇੱਕ ਯੋਜਨਾ ਬਣਾਈ। ਜਿਸ ਤੋਂ ਬਾਅਦ ਉਹ ਪਿੰਗਲਵਾੜਾ ਕੇਅਰ ਸੈਂਟਰ ਤੋਂ ਭੱਜਣ ਵਿੱਚ ਸਫਲ ਰਹੇ। ਡੀਸੀਪੀਯੂ ਨੇ ਇਸ ਮਾਮਲੇ ਵਿੱਚ ਰਾਮਬਾਗ ਪੁਲਿਸ ਸਟੇਸ਼ਨ ਵਿੱਚ ਇੱਕ ਡੇਲੀ ਡਾਇਰੀ ਰਿਪੋਰਟ (ਡੀਡੀਆਰ) ਦਰਜ ਕਰਵਾਈ ਹੈ। ਪੁਲਿਸ ਦਾ ਕਹਿਣਾ ਹੈ ਕਿ ਬੱਚੇ ਬੁੱਧਵਾਰ-ਵੀਰਵਾਰ ਰਾਤ 1:30 ਵਜੇ ਤੋਂ 2:00 ਵਜੇ ਦੇ ਵਿਚਕਾਰ ਫਰਾਰ ਹੋ ਗਏ। ਸੁਰੱਖਿਆ ਲਈ ਦੋ ਮਹਿਲਾ ਕਾਂਸਟੇਬਲ ਤਾਇਨਾਤ ਕੀਤੀਆਂ ਗਈਆਂ ਸਨ, ਪਰ ਇਸ ਦੇ ਬਾਵਜੂਦ ਬੱਚੇ ਭੱਜਣ ਵਿੱਚ ਕਾਮਯਾਬ ਹੋ ਗਏ। ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਤਰਨਜੀਤ ਸਿੰਘ ਨੇ ਕਿਹਾ, "ਅਸੀਂ ਹਰ ਕੋਣ ਤੋਂ ਜਾਂਚ ਕਰ ਰਹੇ ਹਾਂ ਕਿ ਇਹ ਬੱਚੇ ਸੁਰੱਖਿਆ ਨੂੰ ਚਕਮਾ ਦੇ ਕੇ ਕਿਵੇਂ ਫਰਾਰ ਹੋ ਗਏ। ਇਹ ਬਹੁਤ ਸ਼ੱਕੀ ਹੈ ਕਿ ਬੱਚਿਆਂ ਨੂੰ ਉਸ ਇਲਾਕੇ ਬਾਰੇ ਪਤਾ ਸੀ ਜਿੱਥੇ ਕੋਈ ਸੀਸੀਟੀਵੀ ਨਹੀਂ ਸੀ। ਇਹ ਵੀ ਇੱਕ ਸਵਾਲ ਹੈ ਕਿ ਸਿਰਫ਼ ਉਹ ਤਿੰਨ ਬੱਚੇ ਹੀ ਕਿਉਂ ਭੱਜੇ ?" ਪਿੰਗਲਵਾੜਾ ਦੇ ਮੁੱਖ ਪ੍ਰਸ਼ਾਸਕ ਯੋਗੇਸ਼ ਸੂਰੀ ਨੇ ਕਿਹਾ ਕਿ ਉਹ ਵੀ ਮਾਮਲੇ ਦੀ ਜਾਂਚ ਕਰ ਰਹੇ ਹਨ। ਸੰਸਥਾ ਦੀ ਡਾਇਰੈਕਟਰ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਜਦੋਂ ਇਨ੍ਹਾਂ ਬੱਚਿਆਂ ਨੂੰ ਲਿਆਂਦਾ ਗਿਆ ਸੀ, ਤਾਂ ਉਨ੍ਹਾਂ ਨੇ ਪਹਿਲਾਂ ਹੀ ਡੀਸੀਪੀਯੂ ਨੂੰ ਸੂਚਿਤ ਕਰ ਦਿੱਤਾ ਸੀ ਕਿ ਰਾਤ ਦੀ ਨਿਗਰਾਨੀ ਲਈ ਲੋੜੀਂਦਾ ਸਟਾਫ਼ ਨਹੀਂ ਹੈ।

## ਭਾਰਤ ਨੇ ਨਾਗਰਿਕਾਂ ਲਈ ਜਾਰੀ ਕੀਤੀ ਅਡਵਾਈਜ਼ਰੀ, ਇਨ੍ਹਾਂ 7 ਰਾਜਾਂ 'ਚ ਜਾਣ ਤੋਂ ਬਚਣ ਲਈ ਕਿਹਾ




**ਨਵੀਂ ਦਿੱਲੀ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਥਾਈਲੈਂਡ-ਕੰਬੋਡੀਆ ਸਰਹੱਦ 'ਤੇ ਵਧਦੇ ਤਣਾਅ ਦੇ ਮੱਦੇਨਜ਼ਰ, ਥਾਈਲੈਂਡ ਵਿੱਚ ਭਾਰਤੀ ਦੂਤਾਵਾਸ ਨੇ ਸ਼ੁੱਕਰਵਾਰ ਨੂੰ ਇੱਕ ਯਾਤਰਾ ਸਲਾਹ ਜਾਰੀ ਕੀਤੀ ਜਿਸ ਵਿੱਚ ਭਾਰਤੀ ਸੈਲਾਨੀਆਂ ਨੂੰ ਸਾਵਧਾਨ ਰਹਿਣ ਅਤੇ ਥਾਈਲੈਂਡ ਦੇ ਅਧਿਕਾਰਤ ਸਰੋਤਾਂ, ਜਿਵੇਂ ਕਿ ਟੂਰਿਜ਼ਮ ਅਥਾਰਟੀ ਆਫ਼ ਥਾਈਲੈਂਡ (TAT) ਨਾਲ ਜਾਂਚ ਕਰਦੇ ਰਹਿਣ ਲਈ ਕਿਹਾ ਗਿਆ। ਦੂਤਾਵਾਸ ਨੇ ਕਿਹਾ ਕਿ ਚੱਲ ਰਹੀ ਅਸ਼ਾਂਤੀ ਦੇ ਕਾਰਨ, ਸੱਤ ਪ੍ਰਾਂਤਾਂ - ਉਬੋਨ ਰਤਚਾਥਨੀ, ਸੂਰੀਨ, ਸਿਸਾਕੇਟ, ਬੁਰੀਰਾਮ, ਸਾ ਕਾਇਓ, ਚੰਥਾਬੁਰੀ ਅਤੇ ਤ੍ਰਾਤ - ਦੇ ਕੁਝ ਸੈਰ-ਸਪਾਟਾ ਸਥਾਨਾਂ ਦੀ ਯਾਤਰਾ ਨੂੰ ਇਸ ਸਮੇਂ ਸੁਰੱਖਿਅਤ ਨਹੀਂ ਮੰਨਿਆ ਜਾ ਰਿਹਾ ਹੈ। ਇਹ ਸਲਾਹ ਥਾਈਲੈਂਡ-ਕੰਬੋਡੀਆ ਸਰਹੱਦ 'ਤੇ ਫੌਜੀ ਝੜਪਾਂ ਤੋਂ ਬਾਅਦ ਆਈ ਹੈ, ਜਿਸ ਵਿੱਚ ਕਈ ਜਾਨੀ ਨੁਕਸਾਨ ਹੋਏ ਹਨ। ਰਿਪੋਰਟਾਂ ਦੇ ਅਨੁਸਾਰ, 14 ਥਾਈ ਨਾਗਰਿਕ ਮਾਰੇ ਗਏ - ਜਿਨ੍ਹਾਂ ਵਿੱਚ 13 ਨਾਗਰਿਕ ਅਤੇ 1 ਸਿਪਾਹੀ ਸ਼ਾਮਲ ਹਨ - ਜਦੋਂ ਕਿ 46 ਹੋਰ ਹਿੰਸਕ ਝੜਪਾਂ ਵਿੱਚ ਜ਼ਖਮੀ ਹੋ ਗਏ। ਇਸ ਹਫ਼ਤੇ ਦੇ ਸ਼ੁਰੂ ਵਿੱਚ, ਇੱਕ ਬਾਰੂਦੀ ਸੁਰੰਗ ਧਮਾਕੇ ਵਿੱਚ ਪੰਜ ਥਾਈ ਸੈਨਿਕ ਜ਼ਖਮੀ ਹੋ ਗਏ ਸਨ, ਜਿਸ ਨਾਲ ਤਣਾਅ ਹੋਰ ਵਧ ਗਿਆ ਸੀ। ਸ਼ਿਨਹੂਆ ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ, ਕੰਬੋਡੀਆ ਨੇ ਵੀਰਵਾਰ ਸ਼ਾਮ ਤੱਕ ਆਪਣੀ ਮੌਤ ਦੀ ਗਿਣਤੀ ਨਹੀਂ ਦਿੱਤੀ ਸੀ। ਥਾਈਲੈਂਡ ਦੇ ਜਨ ਸਿਹਤ ਮੰਤਰੀ ਸੋਮਸਾਕ ਥੇਪਸੁਥਿਨ ਨੇ ਕੰਬੋਡੀਆ ਦੀਆਂ ਕਥਿਤ ਕਾਰਵਾਈਆਂ ਦੀ ਨਿੰਦਾ ਕੀਤੀ ਜਿਨ੍ਹਾਂ ਵਿੱਚ ਨਾਗਰਿਕਾਂ ਅਤੇ ਇੱਕ ਹਸਪਤਾਲ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਉਨ੍ਹਾਂ ਨੂੰ "ਯੁੱਧ ਅਪਰਾਧ" ਕਿਹਾ ਅਤੇ ਕੰਬੋਡੀਆ ਸਰਕਾਰ ਨੂੰ ਅਜਿਹੇ ਹਮਲਿਆਂ ਨੂੰ ਰੋਕਣ ਅਤੇ ਕੂਟਨੀਤਕ ਗੱਲਬਾਤ ਵਿੱਚ ਵਾਪਸ ਆਉਣ ਦੀ ਅਪੀਲ ਕੀਤੀ। ਫੌਜੀ ਤਣਾਅ ਉਦੋਂ ਸ਼ੁਰੂ ਹੋਇਆ ਜਦੋਂ ਥਾਈ ਅਧਿਕਾਰੀਆਂ ਨੇ ਕੰਬੋਡੀਆ 'ਤੇ ਸਰਹੱਦ 'ਤੇ ਨਵੀਆਂ ਰੂਸੀ-ਬਣਾਈਆਂ ਬਾਰੂਦੀ ਸੁਰੰਗਾਂ ਵਿਛਾਉਣ ਦਾ ਦੋਸ਼ ਲਗਾਇਆ। ਕੰਬੋਡੀਆ ਨੇ ਦੋਸ਼ਾਂ ਨੂੰ ਰੱਦ ਕਰਦੇ ਹੋਏ ਕਿਹਾ ਕਿ ਸਮੱਸਿਆ ਪੁਰਾਣੇ ਟਕਰਾਵਾਂ ਤੋਂ ਬਚੀਆਂ ਬਾਰੂਦੀ ਸੁਰੰਗਾਂ ਕਾਰਨ ਹੋਈ ਹੈ। ਵੀਰਵਾਰ ਨੂੰ ਝੜਪਾਂ ਤੇਜ਼ ਹੋ ਗਈਆਂ, ਖਾਸ ਕਰਕੇ ਇਤਿਹਾਸਕ ਤਾ ਮੁਏਨ ਥੌਮ ਮੰਦਰ ਦੇ ਨੇੜੇ। ਥਾਈ ਸਰਕਾਰ ਨੇ ਐਫ-16 ਲੜਾਕੂ ਜਹਾਜ਼ ਭੇਜ ਕੇ ਹਵਾਈ ਹਮਲਿਆਂ ਦਾ ਜਵਾਬ ਦਿੱਤਾ, ਜਿਸਨੂੰ ਥਾਈ ਅਧਿਕਾਰੀਆਂ ਨੇ "ਸਵੈ-ਰੱਖਿਆ" ਦੱਸਿਆ।

## ਝਾਲਾਵਾੜ 'ਚ ਡਿੱਗੀ ਸਰਕਾਰੀ ਸਕੂਲ ਦੀ ਛੱਤ, 7 ਬੱਚਿਆਂ ਦੀ ਮੌਤ ਅਤੇ 15 ਤੋਂ ਵੱਧ ਜ਼ਖਮੀ

**ਜੈਪੁਰ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਰਾਜਸਥਾਨ ਦੇ ਝਾਲਾਵਾੜ ਵਿੱਚ ਸ਼ੁੱਕਰਵਾਰ ਸਵੇਰੇ ਇੱਕ ਸਰਕਾਰੀ ਸਕੂਲ ਦੀ ਛੱਤ ਡਿੱਗ ਗਈ। ਇਸ ਹਾਦਸੇ ਵਿੱਚ 7 ਬੱਚਿਆਂ ਦੀ ਮੌਤ ਹੋ ਗਈ ਹੈ ਅਤੇ 15 ਤੋਂ ਵੱਧ ਜ਼ਖਮੀ ਹੋ ਗਏ ਹਨ। ਇਸ ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਿਸ ਪ੍ਰਸ਼ਾਸਨ ਅਤੇ ਸਰਕਾਰੀ ਸਟਾਫ਼ ਮੌਕੇ 'ਤੇ ਪਹੁੰਚ ਗਿਆ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਮਲਬਾ ਹਟਾਉਣ



ਅਤੇ ਦੱਬੇ ਹੋਏ ਬੱਚਿਆਂ ਨੂੰ ਬਾਹਰ ਕੱਢਣ ਦਾ ਕੰਮ ਸ਼ੁਰੂ ਕਰ ਦਿੱਤਾ। ਝਾਲਾਵਾੜ ਦੇ ਕੁਲੈਕਟਰ ਅਤੇ ਐਸਪੀ ਅਮਿਤ ਕੁਮਾਰ ਬੁਡਾਨੀਆ ਵੀ ਮੌਕੇ 'ਤੇ ਪਹੁੰਚ ਗਏ। ਇਹ ਘਟਨਾ ਮਨੋਹਰਥਾਨਾ ਖੇਤਰ ਦੇ ਸਰਕਾਰੀ ਹਾਇਰ ਪ੍ਰਾਇਮਰੀ ਸਕੂਲ ਪਿਪਲੋਡੀ ਪਿੰਡ ਵਿੱਚ ਵਾਪਰੀ। ਝਾਲਾਵਾੜ ਦੇ ਐਸਪੀ ਅਮਿਤ ਕੁਮਾਰ ਨੇ ਕਿਹਾ, " 7 ਬੱਚਿਆਂ ਦੀ ਮੌਤ ਹੋ ਗਈ ਹੈ ਅਤੇ 15 ਤੋਂ ਵੱਧ ਜ਼ਖਮੀ ਹਨ। ਦਸ ਬੱਚਿਆਂ ਨੂੰ ਝਾਲਾਵਾੜ ਰੈਫਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਤਿੰਨ ਤੋਂ ਚਾਰ ਦੀ ਹਾਲਤ ਗੰਭੀਰ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਵੱਡੀ ਗਿਣਤੀ ਵਿੱਚ ਮਾਪੇ ਸਕੂਲ ਪਹੁੰਚੇ ਅਤੇ ਆਪਣੇ ਬੱਚਿਆਂ ਨੂੰ ਹਸਪਤਾਲ ਲੈ ਗਏ। ਇਸ ਘਟਨਾ ਦੀਆਂ ਸਾਹਮਣੇ ਆਈਆਂ ਵੀਡੀਓਜ਼ ਵਿੱਚ ਮਾਪਿਆਂ ਨੂੰ ਰੋਂਦੇ ਹੋਏ ਦੇਖਿਆ ਜਾ ਸਕਦਾ ਹੈ। ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਕਿਹਾ ਹੈ ਕਿ ਝਾਲਾਵਾੜ ਦੇ ਪਿਪਲੋਡੀ ਵਿੱਚ ਸਕੂਲ ਦੀ ਛੱਤ ਡਿੱਗਣ ਕਾਰਨ ਹੋਇਆ ਹਾਦਸਾ ਦਿਲ ਦਹਿਲਾ ਦੇਣ ਵਾਲਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਜ਼ਖਮੀ ਬੱਚਿਆਂ ਦਾ ਇਲਾਜ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਰਾਜਸਥਾਨ ਦੇ ਸਿੱਖਿਆ ਮੰਤਰੀ ਮਦਨ ਦਿਲਾਵਰ ਨੇ ਕਿਹਾ ਹੈ ਕਿ ਜ਼ਖਮੀ ਬੱਚਿਆਂ ਦਾ ਇਲਾਜ ਰਾਜ ਸਰਕਾਰ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਨੇ ਹਾਦਸੇ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ ਅਤੇ ਕਿਹਾ ਹੈ ਕਿ ਉਹ ਜ਼ਖਮੀ ਬੱਚਿਆਂ ਦੀ ਜਲਦੀ ਸਿਹਤਯਾਬੀ ਲਈ ਪਰਮਾਤਮਾ ਅੱਗੇ ਪ੍ਰਾਰਥਨਾ ਕਰਦੇ ਹਨ। ਇਸ ਹਾਦਸੇ ਤੋਂ ਬਾਅਦ ਸਰਕਾਰੀ ਸਕੂਲਾਂ ਦੇ ਪ੍ਰਬੰਧਾਂ 'ਤੇ ਵੀ ਵੱਡਾ ਸਵਾਲ ਉੱਠ ਰਿਹਾ ਹੈ। ਰਾਜਸਥਾਨ ਵਿੱਚ ਪਿਛਲੇ ਕਈ ਦਿਨਾਂ ਤੋਂ ਭਾਰੀ ਮੀਂਹ ਪੈ ਰਿਹਾ ਹੈ ਅਤੇ ਅਜਿਹੀ ਸਥਿਤੀ ਵਿੱਚ ਸਰਕਾਰ ਅਤੇ ਪ੍ਰਸ਼ਾਸਨ ਨੇ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਦੀ ਹਾਲਤ ਵੱਲ ਧਿਆਨ ਕਿਉਂ ਨਹੀਂ ਦਿੱਤਾ ?

ਵਾਹਿਗੁਰੂ ਜੀ ਕਾ ਖਾਲਸਾ।

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕੀ ਫ਼ਤਹਿ॥

# ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

## RAGHBIR SINGH (Call : +44 7976 210161)

121. Broadway west Walsall, West Midlands, WS1 4DW, England uk



ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ਼੍ਰੀ ਦੁਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇੱਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ☛ ਲਗਜਰੀ ਹੋਟਲਾਂ 'ਚ ਸਟੇਅ
- ☛ ਲਗਜ਼ਰੀ ਏ. ਸੀ. ਕੋਚ
- ☛ ਡੋਮੈਸਟਿਕ ਫਲਾਈਟਾਂ
- ☛ ਗਾਈਡ
- ☛ ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ☛ ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

### ਅਕਾਊਂਟ ਨੰਬਰ ਤੇ ਡਿਟੇਲ

Account Name : RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.


★ ਸਲਾਹ ★
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇੰਸ਼ੋਰੈਂਸ ਕਰਵਾ ਲੈਣ

ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
# ਪੰਜ ਤਖ਼ਤ ਯਾਤਰਾ

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)




ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਊਜੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)




ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋਂ ਫਿਕਸਡ ਮੈਨਿਊ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)




ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)




ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਊਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।

--★ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ★--

| | | | |
|---|---|---|---|
| RAGHBIR SINGH | PARAMJIT SHERGILL | INDERJIT KAUR | KULWINDER MANN |
| +44 7458 381111, +44 7976 210161 | +44 7858 198159 | +44 7883 635835 | +44 7900 982906 |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖ਼ਾਲਸਾ।

ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ॥


## RAGHBIR SINGH (Call : +44 7976 210161)
121. Broadway west Walsall, West Midlands, WS1 4DW, England uk



ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.**

## Tour Package

**Akal Takhat Sahib & 5 Other Places**
**Hydrabad & 5 Other Places**
**Hazur Sahib & 8 Other Gurudwaras**
**Patna Sahib & 5 Other Gurudwaras**
**Chandigarh & Sukhna Lake**
**Anandpur Sahib & 4 Other Gurudwaras**
**Damdama Sahib & 3 Other Gurudwaras**

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note : To Book Deposit £600 as an advance into the mentioned bank account balance amout need to be deposited 2 weeks before the travel date.**

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

**Contact Detail :**
**+44 7458 381111 +44 7976 210161**
**email: gnstuk@hotmail.com**

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

**--ADVICE--**
**Request to all Sangat to have own travel Insurance individualy!**


**Program is subject to change without Prior Notice.**

ਆਵਾਜ਼ਿ ਕੌਮ AWAZE QAUM

## JOURNEY OF A LIFE TIME
## PANJ TAKHAT YATRA
### 5 TAKHAT YATRA - 10 NIGHTS / 11 DAYS

ਆਵਾਜ਼ਿ ਕੌਮ AWAZE QAUM

### 15th FEB. Day 1st.




**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.



Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd




After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th




Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th




Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th




After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th




After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**


**FOR MORE INFORMATION PLS. CONTACT**

| RAGHBIR SINGH | PARAMJIT SHERGILL | INDERJIT KAUR | KULVINDER MANN |
|---|---|---|---|
| +44 7458 381111, +44 7976 210161 | +44 7858 198159 | +44 7883 635835 | +44 7900 982906 |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਆਵਾਜ਼ਿ ਕੌਮ AWAZE QAUM TV

# AWAZE QAUM TOURS & TRAVELS

ORGANISE

# PANJ TAKHAT YATRA

# ਪੰਜ ਤਖ਼ਤ ਦਰਸ਼ਨ ਯਾਤਰਾ

## ( FROM 15th FEB 2026 TO 25th FEB 2026 )

10 Nights 11 Days Tour From 15th Feb 2026 to 25th Feb 2026

AKAL TAKHAT SAHIB & 5 OTHER PLACES | HYDRABAD & 2 OTHER PLACES
HAZUR SAHIB & 8 OTHER GURUDWARAS | PATNA SAHIB & 5 OTHER GURUDWARA
CHANDIGARH & SUKHNA LAKE | ANANDPUR SAHIB & 4 OTHER GURUDWARAS
DAMDAMA SAHIB & 3 OTHER GURUDWARAS

- Luxury Hotel with Breakfast & Dinner
- Luxury Air-conditioned Coaches
- Domestic Flights
- Guide
- Flexibility to stay in India before & after the trip*
- Starting and Ending Point at Jalandhar

NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE

Account Name
RAGHBIR SINGH
Bank Name
HALIFAX
Sort Code 11-08-07
Account Number
00516474

ADVICE

REQUEST TO ALL SANGAT TO HAVE YOUR OWN TRAVEL INSURANCE INDIVIDUALLY !

FOR MORE INFO CONTACT

RAGHBIR SINGH
(CALL + 44 7458 381111, + 44 7976 210161)


PARAMJIT SHERGILL +44 7858 198159

INDERJIT KAUR +44 7883 635835

KULVINDER MANN +44 7900 982906

121, BROADWAY WEST WALSALL, WEST MIDLANDS, WS1 4DW, ENGLAND UK

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ
ਨਾਮ ਜਪੋ ਕਿਰਤ ਕਰੋ ਵੰਡ ਛਕੋ
Naam Japo Kirat Karo Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243





ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਨੌਵੇ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ
ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

ਗੁਰਮਤਿ ਸਮਾਗਮ
1 ਨਵੰਬਰ 2025, ਦਿਨ ਸ਼ਨੀਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਆਵਾਜ਼ਿ ਕੌਮ AWAZE QAUM International Newspaper & WEB TV



ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ – 20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ – 1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ
ਨੋਟ : ਇਹ ਸਮਾਗਮ 13 ਦਿਨ ਚੱਲੇਗਾ ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ।
ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।
ਬੇਨਤੀ ਕਰਤਾ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਵਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404
ਸੰਪਰਕ ਨੰਬਰ
98141-27470
84278-66404
73408-35137


ੴ ਸਤਿਗੁਰ ਪ੍ਰਸਾਦਿ
ਸਿਖਹੁ ਸੁਣਹੁ ਸੀਖ ਇਹ ਮੇਰੀ ॥ ਬਾਣੀ ਪੜ੍ਹਹੁ ਸੁਧ ਗੁਰ ਕੇਰੀ ॥ ਪੜ੍ਹੈ ਮਹਾਤਮ ਲਹੈ ਬਿਸਾਲਾ ॥ ਹਲਤ ਪਲਤ ਮਹਿ ਹੋਇ ਨਿਹਾਲਾ ॥
ਗੁਰਦੁਆਰਾ ਸਾਹਿਬ ਰਿਵਰਸਾਈਡ
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ,
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ 350 ਸਾਲਾ ਗੁਰਤਾਗੱਦੀ ਸ਼ਤਾਬਦੀ ਅਤੇ ਭਾਈ ਮਤੀ ਦਾਸ ਜੀ,
ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ
ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ
ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ (ਸੰਥਿਆ) ਸਮਾਗਮ
ਜੂਨ 29, 2025 ਤੋਂ ਅਗਸਤ 3, 2025 ਤੱਕ
ਸ਼ਨੀਵਾਰ ਅਤੇ ਐਤਵਾਰ ਦੁਪਹਿਰ 2:00 ਤੋਂ 5:00 ਵਜੇ ਤੱਕ
ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮ 5:00 ਤੋ 8:00 ਵਜੇ ਤੱਕ
ਸੰਗਤਾਂ ਨੂੰ ਬੇਨਤੀ ਹੈ ਕਿ ਗੁਰਬਾਣੀ ਦੇ ਸ਼ੁੱਧ ਉਚਾਰਨ ਸਿੱਖਣ ਲਈ ਸਮਾਗਮਾਂ ਵਿੱਚ ਸ਼ਾਮਿਲ ਹੋ ਕੇ ਲਾਹਾ ਪ੍ਰਾਪਤ ਕਰੋ ਜੀ
YouTube LIVE STREAM @gurdwarasahibriverside
951-201-7034, 832-541-9136, 951-685-9701
7940 Mission Blvd Jurupa Valley 92509
ਆਵਾਜ਼ਿ ਕੌਮ AWAZE QAUM
International Newspaper & WEB TV


--✶ ਗੁਰੂ ਪੰਥ ਦਾ ਸੇਵਾਦਾਰ ✶--
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ
ਮੁਖੀ ਦਮਦਮੀ ਟਕਸਾਲ,
ਜਥਾ ਭਿੰਡਰਾਂ, ਮਹਿਤਾ
ਅਤੇ ਪ੍ਰਧਾਨ ਸੰਤ ਸਮਾਜ




# ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਦੇ ਧਾਰਮਿਕ ਸਮਾਗਮਾਂ ਲਈ ਭਾਈ ਕਪਤਾਨ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# +44 7788 283485

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਸ੍ਰੀ ਅਨੰਦਪੁਰ ਸਾਹਿਬ ਤੇ
ਸ੍ਰੀ ਅੰਮ੍ਰਿਤਸਰ ਸਾਹਿਬ ਨੂੰ
ਪਵਿੱਤਰ ਸ਼ਹਿਰ ਦਾ ਦਰਜਾ ਦੇਣ ਤੋਂ



ਭਗਵੰਤ ਮਾਨ ਤੇ ਕੇਜਰੀਵਾਲ ਦੇ ਮੁਕਰਨ ਵਿਰੁੱਧ



# ਖ਼ਾਲਸਾ ਰੋਸ ਮਾਰਚ



ਐਤਵਾਰ 27 ਜੁਲਾਈ 2025

ਸਵੇਰੇ 11.00 ਵਜੇ ਆਰੰਭਤਾ

ਆਵਾਜ਼ਿ ਕੌਮ AWAZE QAUM International Newspaper & WEB TV

ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ

ਸਮੂਹ ਸੰਗਤ,ਪੰਥਕ ਜਥੇਬੰਦੀਆਂ, ਕਿਸਾਨ ਅਤੇ ਨਿਹੰਗ ਸਿੰਘ ਜਥੇਬੰਦੀਆਂ, ਪੰਥਕ ਹਿਤੈਸ਼ੀਆਂ ਨੂੰ ਗੁਰੂ ਸਾਹਿਬ ਵੱਲੋਂ ਵਸਾਏ ਸ਼ਹਿਰਾਂ ਨੂੰ ਸਿੱਖ ਮਰਿਆਦਾ ਅਨੁਸਾਰ ਪਵਿੱਤਰ ਰੱਖਣ ਲਈ ਵੱਡੀ ਗਿਣਤੀ ਵਿੱਚ ਖਾਲਸਾ ਰੋਸ ਮਾਰਚ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।



ਜਥੇਦਾਰ ਜਗਤਾਰ ਸਿੰਘ ਹਵਾਰਾ

M. 98881-63281, 9888001888

ਅੱਜ 26 ਜੁਲਾਈ ਜਨਮਦਿਨ 'ਤੇ ਵਿਸ਼ੇਸ਼

# ਬੁੱਧੀਜੀਵੀ ਸਿੱਖ ਆਗੂ ਪ੍ਰਿੰ. ਬਾਵਾ ਹਰਕਿਸ਼ਨ ਸਿੰਘ ਨੂੰ ਯਾਦ ਕਰਦਿਆਂ



**20ਵੀਂ ਸਦੀ** ਦੇ ਪਹਿਲੇ ਅੱਧ ਵਿੱਚ ਜਿਥੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਚਲ ਰਿਹਾ ਸੀ, ਇਸ ਨਾਲ ਪੰਜਾਬ ਦੀ ਧਰਤੀ 'ਤੇ ਗੁਰਦੁਆਰਾ ਸੁਧਾਰ ਲਹਿਰ ਵੀ ਸਿਖ਼ਰਾਂ ਨੂੰ ਛੋਹ ਰਹੀ ਸੀ ।ਪੰਜਾਬ ਦੀ ਧਰਤੀ 'ਤੇ ਵਸਣ ਲੋਕ ਸਿੱਖਿਆ ਦੇ ਖੇਤਰ ਵਿੱਚ ਵੀ ਬਹੁਤ ਪਛੜੇ ਹੋਏ ਸਨ ।ਸਿੱਖਾਂ ਅਤੇ ਦੂਸਰੀਆਂ ਕੌਮਾਂ ਵਿੱਚ ਬੁੱਧੀਜੀਵੀ ਆਗੂਆਂ ਦੀ ਘਾਟ ਵਜੋਂ ਬੱਚਿਆਂ ਦਾ ਭਵਿੱਖ ਵੀ ਧੁੰਦਲਾ ਨਜ਼ਰ ਆਏ ਰਿਹਾ ਸੀ ।ਪਹਿਲੀ ਸੰਸਾਰ ਜੰਗ ਅਤੇ ਦੂਜੀ ਸੰਸਾਰ ਜੰਗ ਦਾ ਅਸਰ ਪੰਜਾਬ ਉਪਰ ਵੀ ਨਜ਼ਰ ਆ ਰਿਹਾ ਸੀ ਸਿੱਖਾਂ ਵਿੱਚ ਬੁੱਧੀਜੀਵੀ ਸਿੱਖ ਆਗੂ ਵੀ ਉਂਗਲਾ 'ਤੇ ਗਿਣਨ ਯੋਗ ਹੀ ਸਨ ।ਉਸੇ ਸਮੇਂ ਦੇ ਸਿੱਖ ਆਗੂਆਂ ਵਿੱਚੋਂ ਪ੍ਰਿੰਸੀਪਲ ਹਰਕਿਸ਼ਨ ਸਿੰਘ ਅਜਿਹੇ ਸਿੱਖਿਆ ਸ਼ਾਸਤਰੀ ਸਨ, ਜਿੰਨ੍ਹਾ ਨੂੰ ਉਸ ਸਮੇਂ ਦੇ ਸਿਆਣੇ ਲੋਕ ਅਥਾਹ ਪਿਆਰ ਕਰਦੇ ਸਨ ।ਲਹਿੰਦੇ ਪੰਜਾਬ ਦੇ ਬਾਵਾ ਪਰਿਵਾਰ ਵਿੱਚ ਸ: ਦਸੌਂਧਾ ਸਿੰਘ ਬਾਵਾ ਦੇ ਘਰ ਡੇਰਾ ਇਸਮਾਈਲ ਖਾਨ ਵਿੱਚ 26 ਜੁਲਾਈ 1892 ਈ. ਵਿੱਚ ਬਾਵਾ ਹਰਕਿਸ਼ਨ ਸਿੰਘ ਦਾ ਜਨਮ ਹੋਇਆ ।ਬਾਵਾ ਹਰਕਿਸ਼ਨ ਸਿੰਘ ਨੇ 1912 ਈ. ਵਿੱਚ ਕ੍ਰਿਸ਼ਚੀਅਨ ਕਾਲਜ ਲਾਹੌਰ 'ਤੋ ਐਮ.ਏ ( ਅੰਗਰੇਜ਼ੀ ) ਦੀ ਪ੍ਰੀਖਿਆ ਪਾਸ ਕੀਤੀ ।ਇਸ ਤੋਂ ਪਿਛੋਂ ਜਲਦ ਹੀ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਅੰਗਰੇਜ਼ੀ ਦੇ ਪ੍ਰੋਫੈਸਰ ਵਜੋਂ ਸੇਵਾ ਅਰੰਭ ਕੀਤੀ ।ਇਸ ਤੋਂ ਥੋੜਾ ਸਮਾਂ ਬਾਅਦ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਵਿਖੇ ਨਿਯੁਕਤੀ ਹੋ ਗਈ ।ਇਥੇ ਇੰਨ੍ਹਾਂ ਨੇ ਕਾਲਜ ਦੇ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਬੜੀ ਤੰਨਦੇਹੀ ਨਾਲ ਨਿਭਾਈ । ਜ਼ਿਲ੍ਹਾ ਗੁਰਦਾਸਪੁਰ ਅਤੇ ਪੰਜਾਬ ਦੇ ਵੱਖ-ਵੱਖ ਕਾਲਜਾਂ ਵਿੱਚ ਸੇਵਾ ਕਰਦਿਆਂ ਸਿੱਖਿਆ ਦੇ ਖੇਤਰ ਵਿੱਚ ਕਾਰਜਸ਼ੀਲ ਲੋਕਾਂ ਨਾਲ ਬਤੌਰ ਬੁੱਧੀਜੀਵੀ ਉਨ੍ਹਾਂ ਨਾਲ ਰਾਜਨੀਤਿਕ ਹਾਲਾਤਾਂ 'ਤੇ ਚਰਚਾ ਕਰਕੇ ਸਿੱਖਾਂ ਦੇ ਭਵਿੱਖ ਬਾਰੇ ਆਪਣੀ ਰਾਏ ਬਣਾਉਂਦੇ ਸਨ । ਪ੍ਰਿੰਸੀਪਲ ਵਜੋਂ ਲੰਬੀ ਸੇਵਾ ਨਿਭਾਉਂਦਿਆਂ ਨਾਲ-ਨਾਲ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੀ ਵੱਡਾ ਯੋਗਦਾਨ ਪਾਇਆ ਅਤੇ ਬਿੰਨਾ ਕਿਸੇ ਚੌਧਰ ਦੇ ਲਾਲਚ ਇੱਕ ਅਗਾਂਹਵਧੂ ਆਗੂ ਵਾਂਗ ਵਿਚਰੇ ।ਉਨ੍ਹਾਂ ਦੀਆਂ ਸੇਵਾਵਾਂ ਦੀ ਚਰਚਾ ਸਿੱਖਾਂ ਦੇ ਹਰ ਇਕੱਠ ਵਿੱਚ ਹੁੰਦੀ ਸੀ ।

-ਭਗਵਾਨ ਸਿੰਘ ਜੌਹਲ

bhagwansinghjohal@gmail.com

ਮੋਬਾਈਲ : 98143-24040



ਇਸੇ ਦੌਰ ਦੇ ਦਰਮਿਆਨ ਗੁਰਦੁਆਰਾ ਸੁਧਾਰ ਲਹਿਰ ਥਾ-ਪੁਰ-ਥਾਂ ਸੰਘਰਸ਼, ਮੋਰਚੇ ਤੇ ਸਿੱਖ ਸ਼ਹੀਦੀ ਜਾਮ ਪੀ ਰਹੇ ਸਨ ।ਇਸ ਦੌਰਾਨ ਪ੍ਰਿੰਸੀਪਲ ਹਰਕਿਸ਼ਨ ਸਿੰਘ ਨੇ ਹਮੇਸ਼ਾ ਉਸਾਰੂ ਭੂਮਿਕਾ ਨਿਭਾਈ। ਉਨ੍ਹਾਂ ਹਮੇਸ਼ ਖਿੜੇ ਮੱਥੇ ਕੌਮੀ ਫਰਜ਼ ਸਮਝਦਿਆਂ ਸਿਧਾਂਤਕ ਤੇ ਉਸਾਰੂ ਵਿਚਾਰ ਦਿੱਤੇ । 1922 ਈ. ਵਿੱਚ ਗੁਰੂ ਦੇ ਕੇ ਬਾਗ ਦੇ ਮੋਰਚੇ ਵਿੱਚ ਵੀ ਭਰਪੂਰ ਯੋਗਦਾਨ ਦਿੱਤਾ ।ਆਪ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਵਜੋਂ ਮਹਾਰਾਜਾ ਰਿਪੁਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਰਾਜ-ਗੱਦੀ ਨੂੰ ਬਹਾਲ ਕਰਨ ਲਈ ਚਲ ਰਹੀ ਜੱਦੋ ਜਹਿਦ ਵਿੱਚ ਹਿੱਸਾ ਲੈਣ ਵਾਲੇ ਲਈ ਚਲ ਰਹੇ ਸੰਘਰਸ਼ ਦੇ ਮੋਢੀ ਆਗੂਆਂ ਵਿਚੋਂ ਸਨ ।ਇਸੇ ਸਬੰਧ ਵਿੱਚ ਅੰਗ੍ਰੇਜ ਹਕੂਮਤ ਨੇ 13 ਅਕਤੂਬਰ 1923 ਈ. ਵਿੱਚ ਆਪ ਨੂੰ ਗ੍ਰਿਫਤਾਰ ਕਰ ਲਿਆ ਸੀ ।1927 ਈ. ਵਿੱਚ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਇਮ ਕੀਤੀ ਰਹਿਤ ਮਰਿਆਦਾ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ।ਇਸ ਸੇਵਾ ਨੂੰ ਵੀ ਉਨ੍ਹਾਂ ਗੁਰਮਤਿ ਸਿਧਾਂਤਾ 'ਤੇ ਪਹਿਰਾ ਦਿੰਦਿਆਂ ਬਾਖੂਬੀ ਨਿਭਾਇਆ ।

1925 ਈ. ਵਿੱਚ ਜਦੋਂ ਗੁਰਦੁਆਰਾ ਐਕਟ ਬਨਾਉਣ ਸਮੇਂ ਸਿੱਖ ਆਗੂ ਦੋ ਹਿੱਸਿਆਂ ਵਿੱਚ ਵੰਡੇ ਗਏ ਤਾਂ ਪ੍ਰਿੰ. ਹਰਕਿਸ਼ਨ ਸਿੰਘ ਨੇ ਨਿਰਪੱਖ ਤੇ ਉਸਾਰੂ ਵਿਚਾਰ ਦੇ ਕੇ ਸਮਝੌਤਾ ਕਰਵਾਉਣ ਲਈ ਵੀ ਯਤਨ ਕੀਤੇ ।ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਹੋਰ ਸਿੱਖ ਨੇਤਾਵਾਂ ਨਾਲ ਮਿਲ ਕੇ ਦਸੰਬਰ 1933 ਵਿੱਚ ਗੁਰੂ ਸੇਵਕ ਸਭਾ ਵੀ ਬਣਾਈ । 1955 ਈ. ਵਿੱਚ ਪੰਜਾਬੀ ਸੂਬੇ ਦੇ ਮੋਰਚੇ ਦੇ ਸਮੇਂ ਬਾਵਾ ਹਰਕਿਸ਼ਨ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ ।ਜਦੋਂ ਪੰਜਾਬੀ ਸੂਬਾ ਮੋਰਚੇ ਦੇ ਦੌਰਾਨ ਮਾਸਟਰ ਤਾਰਾ ਸਿੰਘ ਗ੍ਰਿਫਤਾਰ ਕੀਤਾ ਗਿਆ ਤਾਂ ਬਾਵਾ ਹਰਕਿਸ਼ਨ ਸਿੰਘ ਨੂੰ ਪ੍ਰਧਾਨ ਸ਼੍ਰੋਮਣੀ ਕਮੇਟੀ ਵਜੋਂ ਵੀ ਫ਼ਰਜ਼ ਨਿਭਾਉਣੇ ਪਏ ।ਜਦੋਂ ਮਾਸਟਰ ਤਾਰਾ ਸਿੰਘ ਨੂੰ ਰਿਹਾਅ ਕੀਤਾ ਗਿਆ ਤਾਂ ਇੰਨ੍ਹਾਂ ਅਹੁਦਾ ਛੱਡ ਕੇ ਮੁੜ ਸਿੱਖ ਬੁੱਧੀਜੀਵੀ ਵਜੋਂ ਆਪਣੀ ਡਿਊਟੀ ਨਿਭਾਉਣੀ ਸ਼ੁਰੂ ਕਰ ਦਿੱਤੀ ।ਇਸ ਤੋਂ ਪਿੱਛੋਂ ਕਈ ਵਾਰ ਇੰਨ੍ਹਾਂ ਨੂੰ ਕਈ ਕਮੇਟੀਆਂ, ਕਮਿਸ਼ਨਾਂ ਵਿੱਚ ਮੈਂਬਰ ਵਜੋਂ ਕਾਰਜਸ਼ੀਲ ਰਹਿਣ ਲਈ ਹੁਕਮ ਮਿਲਦੇ ਰਹੇ ਪਰ ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਨੇ ਹਮੇਸ਼ਾ ਪਰਦੇ ਪਿੱਛੇ ਰਹਿੰਦਿਆਂ ਤੇ ਆਪਣੀ ਕੀਮਤੀ ਰਾਏ ਦਿੰਦਿਆਂ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਨੂੰ ਤਰਜੀਹ ਦਿੱਤੀ ।

ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਨੇ ਗੁਰਬਾਣੀ ਅਤੇ ਗੁਰਮਤਿ ਸਿਧਾਂਤਾ ਲਈ ਇਕ ਨਿਸ਼ਠਾਵਾਨ ਵੱਜੋਂ ਵੱਡੇ ਕਾਰਜ ਕੀਤੇ ।ਉਨ੍ਹਾਂ ਵੱਲੋਂ ਬਣਾਈ ਗੁਰ ਸੇਵਕ ਸਭਾ ਦੀ ਅਗਵਾਈ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਚਾਰ ਜਿਲਦਾਂ ਵਿੱਚ ਸ਼ਬਦਾਰਥ ਤਿਆਰ ਕਰਨ ਲਈ ਜਿੰਨ੍ਹਾਂ ਤਿੰਨ ਵਿਦਵਾਨਾਂ ਦੀ ਅਗਵਾਈ ਵਿੱਚ ਪ੍ਰੋਜੈਕਟ ਉਲੀਕਿਆ ਸੀ, ਉਹ 1941 ਵਿੱਚ ਮੁਕੰਮਲ ਕੀਤਾ ਗਿਆ । ਇਨ੍ਹਾਂ ਤਿੰਨ ਵਿਦਵਾਨਾਂ ਵਿੱਚ ਪ੍ਰਿੰਸੀਪਲ ਹਰਕਿਸ਼ਨ ਸਿੰਘ ਤੋਂ ਇਲਾਵਾ ਪ੍ਰੋ. ਤੇਜਾ ਸਿੰਘ ਅਤੇ ਪ੍ਰੋ. ਨਰਾਇਣ ਸਿੰਘ ਸ਼ਾਮਲ ਸਨ ।ਇਸ ਮਹਾਨ ਕਾਰਜ ਨੂੰ ਪ੍ਰਮਾਣਿਕ ਕਾਰਜ ਸਮਝਿਆ ਜਾਂਦਾ ਹੈ ।ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ 86 ਵਰ੍ਹਿਆਂ ਦੀ ਉਮਰ ਭੋਗ ਕੇ 20 ਅਗਸਤ 1978 ਈ. ਵਿੱਚ ਦਿੱਲੀ ਦੇ ਮਿਲਟਰੀ ਹਸਪਤਾਲ ਵਿੱਚ ਗੁਰੂ ਚਰਨਾਂ 'ਚ ਜਾ ਬਿਰਾਜੇ ।ਅਜਿਹੇ ਨਿਸ਼ਕਾਮ ਬੁੱਧੀਜੀਵੀ ਸਿੱਖ ਆਗੂ ਨੂੰ ਅੱਜ ਵੀ ਪ੍ਰੇਰਨਾ ਸ੍ਰੋਤ ਵਜੋਂ ਯਾਦ ਕੀਤਾ ਜਾਂਦਾ ਹੈ।

# ਭਾਰਤੀ ਰਾਜ ਦੀ ਨੀਤੀ ਤੇ ਯੂਰਪ ਦਾ ਤਲਖ਼ ਸਵਾਲ



ਜਦੋਂ ਕੋਈ ਰਾਜ ਆਪਣੇ ਅੰਦਰਲੇ ਸੰਘਰਸ਼ਾਂ ਅਤੇ ਆਲੋਚਨਾਵਾਂ ਦਾ ਸਾਹਮਣਾ ਕਰਨ ਦੀ ਥਾਂ ਉਨ੍ਹਾਂ ਨੂੰ ਖਾਮੋਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹ ਦਮਨ ਦੀ ਨੀਤੀ ਨੂੰ ਸਿਰਫ਼ ਘਰੇਲੂ ਹੱਦਾਂ ਤੱਕ ਹੀ ਸੀਮਿਤ ਨਹੀਂ ਰੱਖਦਾ, ਸਗੋਂ ਵਿਦੇਸ਼ਾਂ ਵਿਚ ਵੀ ਉਸਦਾ ਵਿਸਤਾਰ ਕਰਦਾ ਹੈ ਤੇ ਭਾਰਤ ਦੀਆਂ ਏਜੰਸੀਆਂ ਨੇ ਸਿੱਖਸ ਫਾਰ ਜਸਟਿਸ ਦੇ ਕਨੇਡਾ ਦੇ ਖਾਲਿਸਤਾਨ ਆਗੂ ਤੇ ਗੁਰੂ ਨਾਨਕ ਸਿੱਖ ਗੁਰਦੁਆਰਾ ਡੈਲਟਾ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਨੂੰ ਗੁਰਦੁਆਰਾ ਸਾਹਿਬ ਦੀ ਹਦੂਦ ਵਿੱਚ ਕਤਲ ਕਰਨ ਤੇ ਕਨੇਡਾ ਸਰਕਾਰ ਵੱਲੋਂ ਲਾਏ ਗੰਭੀਰ ਦੋਸ਼ਾਂ ਤੋਂ ਬਾਅਦ ਅੱਜ ਵੀ ਦੋਵੇਂ ਮੁਲਕਾਂ ਵਿੱਚ ਤਣਾਅ ਘੱਟ ਨਹੀਂ ਹੋਇਆ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇੰਗਲੈਂਡ ਯਾਤਰਾ ਤੋਂ ਸਿਰਫ਼ ਘੰਟਿਆਂ ਪਹਿਲਾਂ ਯੂਨਾਈਟਡ ਕਿੰਗਡਮ ਸਰਕਾਰ ਵੱਲੋਂ ਜਾਰੀ ਕੀਤੇ ਗਏ ਦਸਤਾਵੇਜ਼, ਭਾਰਤੀ ਰਾਜ ਦੀ ਇਸ ਨੀਤੀ ਨੂੰ ਨੰਗਾ ਕਰ ਰਹੇ ਹਨ।

ਯੂ.ਕੇ. ਪਾਰਲੀਮੈਂਟ ਵੱਲੋਂ TTransnational RepressionU ('ਅੰਤਰਰਾਸ਼ਟਰੀ ਦਮਨ') ਦੇ ਨਾਂ ਅਧੀਨ ਚੱਲ ਰਹੀ ਇੱਕ ਸੰਸਦੀ ਜਾਂਚ ਰਾਹੀਂ, ਭਾਰਤ ਦੀਆਂ ਏਜੰਸੀਆਂ ਵੱਲੋਂ ਯੂਰਪ, ਅਮਰੀਕਾ, ਕੈਨੇਡਾ ਅਤੇ ਖ਼ਾਸ ਕਰਕੇ ਯੂ.ਕੇ. ਵਿਚ ਰਹਿੰਦੇ ਸਿੱਖ ਕਾਰਕੁਨਾਂ ਦੀ ਨਿਗਰਾਨੀ, ਧਮਕੀਆਂ ਅਤੇ ਹੱਤਿਆਕਾਰੀ ਯੋਜਨਾਵਾਂ ਬਣਾਉਣ ਦੀ ਗੰਭੀਰ ਆਲੋਚਨਾ ਕੀਤੀ ਗਈ ਹੈ।

ਇਹ ਦਸਤਾਵੇਜ਼ ਕੋਈ ਸਧਾਰਨ ਰਿਪੋਰਟਾਂ ਨਹੀਂ ਹਨ ਇਨ੍ਹਾਂ ਵਿੱਚ World Sikh Parliament ਵੱਲੋਂ ਪੇਸ਼ ਕੀਤੀ ਗਈ 7 ਸਫ਼ਿਆਂ ਦੀ ਵਿਸ਼ਲੇਸ਼ਣੀ ਰਿਪੋਰਟ, Sikhs For Justice (SFJ) ਵੱਲੋਂ ਦਿੱਤੀ ਗਈ 19 ਸਫ਼ਿਆਂ ਦੀ ਤਫ਼ਸੀਲੀ ਰਿਪੋਰਟ, ਜਿਸ ਵਿੱਚ ਭਾਰਤ ਸਰਕਾਰ ਵੱਲੋਂ ਲੋੜੀਂਦੇ ਖਾਲਿਸਤਾਨ ਪੱਖੀ ਭਾਈ ਪਰਮਜੀਤ ਸਿੰਘ ਪੰਮਾ ਤੇ ਹੋਏ ਅਣ ਮਨੁੱਖੀ ਘਟਨਾਕ੍ਰਮ ਤੋ ਬਾਦ ਇੰਗਲੈਂਡ ਵਿੱਚ ਮਾਰਨ ਦੀ ਕੋਸ਼ਿਸ਼ ਅਤੇ ਦਲ ਖ਼ਾਲਸਾ UK ਸਮੇਤ ਹੋਰ ਖ਼ਾਲਿਸਤਾਨੀ ਜਥੇਬੰਦੀਆਂ ਵੱਲੋਂ ਦਿੱਤੇ ਗਏ ਲਿਖਤੀ ਸਬੂਤ ਸ਼ਾਮਲ ਹਨ। ਯੂ.ਕੇ. ਸਰਕਾਰ ਵੱਲੋਂ ਇਨ੍ਹਾਂ ਰਿਪੋਰਟਾਂ ਨੂੰ ਸਰਕਾਰੀ ਰਿਕਾਰਡ ਵਿੱਚ ਸ਼ਾਮਲ ਕਰਨਾ, ਸਿਰਫ਼ ਲਿਖਤੀ ਕਾਗਜ਼ੀ ਕਾਰਵਾਈ ਨਹੀਂ, ਸਗੋਂ ਭਾਰਤ ਦੀ ਦਬਾਅ ਦੀ ਨੀਤੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਚੁਣੌਤੀ ਦੇਣ ਵਾਲਾ ਸਿਆਸੀ ਸੰਦਰਭ ਹੈ। ਮੋਦੀ ਦੀ ਇਹ ਯਾਤਰਾ, ਜਿੱਥੇ ਉਨ੍ਹਾਂ ਨੇ ਨਵੇਂ ਪ੍ਰਧਾਨ ਮੰਤਰੀ ਕੀਟ ਸਟਾਮਰ ਨਾਲ ਖ਼ਾਲਿਸਤਾਨੀ ਗਤੀਵਿਧੀਆਂ, ਸਿੱਖ ਕਾਰਕੁਨਾਂ ਦੀ ਹਵਾਲਗੀ ਅਤੇ ਭਾਰਤ ਵਿਰੋਧੀ ਹਲਕਿਆਂ ਦੀ ਚਰਚਾ ਕੀਤੀ, ਉਥੇ ਹੀ ਇਹ ਰਿਪੋਰਟਾਂ ਯੂ.ਕੇ. ਪਾਰਲੀਮੈਂਟ ਦੀ ਜਾਂਚ ਰਾਹੀਂ ਸਮੁੱਚੇ ਯੂਰਪ ਅਤੇ ਭਾਰਤ ਵਿਚ ਰਾਜਨੀਤਿਕ ਗੂੰਜ ਪੈਦਾ ਕਰ ਰਹੀਆਂ ਹਨ। ਇਸ ਤਰ੍ਹਾਂ, ਭਾਰਤ ਦੀ ਵਿਦੇਸ਼ ਨੀਤੀ ਨੂੰ ਲੈ ਕੇ ਸਵਾਲ ਸਿਰਫ਼ ਰਣਨੀਤਿਕ ਪੱਧਰ 'ਤੇ ਨਹੀਂ, ਸਗੋਂ ਲੋਕਤੰਤਰਿਕ ਪਹਿਚਾਨ ਤੇ ਨੈਤਿਕਤਾ ਉੱਤੇ ਵੀ ਉੱਠ ਰਹੇ ਹਨ। ਮੋਦੀ ਦੀ ਕੂਟਨੀਤਕ ਪੋਜ਼ੀਸ਼ਨ, ਹੁਣ ਇੱਕ ਤੀਖੀ ਪਰਖ ਦੇ ਰੂਪ ਵਿੱਚ ਦੇਖੀ ਜਾ ਰਹੀ ਹੈ। ਇਹ ਵੀ ਮਹੱਤਵਪੂਰਨ ਹੈ ਕਿ ਇਹ ਲੜਾਈ ਪੰਜਾਬ ਜਾਂ ਭਾਰਤ ਦੀ ਹੱਦਾਂ ਅੰਦਰ ਨਹੀਂ, ਸਗੋਂ ਯੂਰਪ ਦੀ ਜ਼ਮੀਨ ਉੱਤੇ ਲੜੀ ਜਾ ਰਹੀ ਹੈ ਜਿੱਥੇ ਲੋਕਤੰਤਰ, ਮਨੁੱਖੀ ਅਧਿਕਾਰ ਅਤੇ ਨੈਤਿਕ ਜਵਾਬਦੇਹੀ ਨੂੰ ਕਦਰ ਦਿੱਤੀ ਜਾਂਦੀ ਹੈ। ਜਿਵੇਂ ਯੂ.ਕੇ. ਸਰਕਾਰ ਨੇ ਸਰਕਾਰੀ ਤੌਰ 'ਤੇ ਇਹ ਦਸਤਾਵੇਜ਼ ਜਾਰੀ ਕੀਤੇ, ਇਹ ਦੱਸਦਾ ਹੈ ਕਿ ਸਿੱਖਾਂ ਦੀ ਆਵਾਜ਼ ਜੇਕਰ ਉਹ ਸੱਚ ਅਤੇ ਇਨਸਾਫ਼ ਉੱਤੇ ਆਧਾਰਤ ਹੈ ਤਾਂ ਉਹ ਵਿਦੇਸ਼ਾਂ ਵਿਚ ਵੀ ਸੁਣੀ ਜਾਂਦੀ ਹੈ, ਮਾਨਤਾ ਪਾਉਂਦੀ ਹੈ। ਮੋਦੀ ਦੀ ਯਾਤਰਾ ਦੀਆਂ ਤਸਵੀਰਾਂ, ਹੱਸਦੇ ਚਿਹਰੇ, ਹੱਥ ਮਿਲਾਉਣ ਅਤੇ ਸਾਂਝੀ ਬਿਆਨਬਾਜ਼ੀ ਤੋਂ ਪਰੇ, ਇਹ ਯਾਤਰਾ ਇੱਕ ਸਵਾਲ ਖੜਾ ਕਰ ਰਹੀ ਹੈ ਇੱਕ ਰਾਜ ਕਿੰਨੀ ਦੂਰ ਤੱਕ ਦਬਾਅ ਰਚ ਸਕਦਾ ਹੈ ? ਅਤੇ ਦੁਨੀਆ ਉਨ੍ਹਾਂ ਮੁੱਖੌਟਿਆਂ ਨੂੰ ਕਿਵੇਂ ਪਰਖਦੀ ਹੈ ਜੋ ਲੋਕਤੰਤਰ ਦੇ ਨਾਮ ਉੱਤੇ ਦਮਨ ਦਾ ਅਭਿਆਸ ਕਰਦੇ ਹਨ ?



ਸਿੱਖ ਕੌਮ ਲਈ ਇਹ ਇੱਕ ਗੰਭੀਰ ਪਰਖ ਅਤੇ ਅਵਾਜ਼ ਚੁੱਕਣ ਦਾ ਮੌਕਾ ਹੈ ਜਿੱਥੇ ਦੁਨੀਆ ਦੇ ਪੱਧਰ 'ਤੇ ਸੱਚਾਈ ਨੂੰ ਰਾਖੀ ਮਿਲ ਰਹੀ ਹੈ। ਹੁਣ ਵੇਖਣਾ ਇਹ ਹੈ ਕਿ ਇਹ ਰੋਸ, ਇਹ ਰਿਪੋਰਟਾਂ, ਅਤੇ ਇਹ ਦਸਤਾਵੇਜ਼ ਇਨਸਾਫ਼ ਦੇ ਰਾਹ ਵਿੱਚ ਕਿੰਨੀ ਅੱਗੇ ਲੈ ਜਾਂਦੀਆਂ ਹਨ।

**-ਸਰਬਜੀਤ ਸਿੰਘ ਬਨੂੜ**

# ਸਫਾਈ ਸੇਵਕਾਂ ਵੱਲੋਂ ਹਸਪਤਾਲ ਅੰਦਰ ਚਲਾਈ ਸਫਾਈ ਮੁਹਿੰਮ





**ਤਲਵੰਡੀ ਸਾਬੋ, 25 ਜੁਲਾਈ (ਗੁਰਜੰਟ ਸਿੰਘ ਨਥੇਹਾ)**- ਸਿਹਤ ਮੰਤਰੀ ਪੰਜਾਬ ਅਤੇ ਮਾਨਯੋਗ ਸਿਵਲ ਸਰਜਨ ਬਠਿੰਡਾ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਅਤੇ ਹਸਪਤਾਲ ਦੇ ਆਲੇ ਦੁਆਲੇ ਨੂੰ ਸਾਫ-ਸੁਥਰਾ ਰੱਖਣ ਦੇ ਲਈ ਅੱਜ ਮਾਨਯੋਗ ਸੀਨੀਅਰ ਮੈਡੀਕਲ ਅਫ਼ਸਰ ਡਾ. ਰਵੀ ਕਾਂਤ ਗੁਪਤਾ ਵੱਲੋਂ ਨਰਸਿੰਗ ਸਿਸਟਰ ਸ਼ਰਨਜੀਤ ਕੌਰ ਦੀ ਅਗਵਾਈ ਹੇਠ ਕੰਮ ਕਰ ਰਹੇ ਸਫਾਈ ਸੇਵਕਾਂ ਦੀ ਮਿਹਨਤ ਦੇ ਸਦਕਾ ਹਸਪਤਾਲ ਦੇ ਵਿੱਚ ਸਫ਼ਾਈ ਮੁਹਿੰਮ ਚਲਾਈ ਗਈ, ਜਿਸ ਦੇ ਤਹਿਤ ਹਸਪਤਾਲ ਦੇ ਓਪੀਡੀ ਬਲਾਕ, ਵਾਰਡ, ਐਮਰਜੈਂਸੀ ਅਤੇ ਨਸ਼ਾ ਛੁਡਾਊ ਕੇਂਦਰ ਦੀ ਸਫਾਈ ਕੀਤੀ ਗਈ। ਇਸ ਦੌਰਾਨ ਸਫਾਈ ਸੇਵਕਾਂ ਦੇ ਵੱਲੋਂ ਬੜੀ ਮਿਹਨਤ ਦੇ ਨਾਲ ਹਸਪਤਾਲ ਦੇ ਕੋਨੇ ਕੋਨੇ ਦੇ ਵਿੱਚੋਂ ਕੂੜੇ ਕਰਕਟ ਨੂੰ ਕੱਢ ਕੇ ਪਾਣੀ ਦੇ ਨਾਲ ਧੋਤਾ ਗਿਆ ਅਤੇ ਕੈਮੀਕਲ ਨਾਲ ਹਸਪਤਾਲ ਦੇ ਫ਼ਰਸ਼ ਸਾਫ ਕੀਤੇ ਗਏ ਤਾਂ ਜੋ ਹਸਪਤਾਲ ਦੇ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਕਿਸੇ ਵੀ ਪ੍ਰਕਾਰ ਦੀ ਲਾਗ ਜਾਂ ਇਨਫੈਕਸ਼ਨ ਨਾ ਹੋਵੇ ਅਤੇ ਉਹ ਨਿਰੋਗ ਹੋ ਕੇ ਹਸਪਤਾਲ ਦੇ ਵਿੱਚੋਂ ਵਾਪਿਸ ਜਾਣ। ਜਿਕਰਯੋਗ ਕਿ ਡਾ. ਰਵੀ ਕਾਂਤ ਗੁਪਤਾ ਜਦੋਂ ਤੋਂ ਐੱਸਡੀਐੱਚ ਤਲਵੰਡੀ ਸਾਬੋ ਵਿਖੇ ਤੈਨਾਤ ਹੋਏ ਹਨ ਉਸ ਸਮੇਂ ਤੋਂ ਲਗਾਤਾਰ ਹਫਤੇ ਤੋਂ ਬਾਅਦ ਇਸ ਤਰਾਂ ਦੀ ਸਫਾਈ ਮੁਹਿੰਮ ਸਫ਼ਾਈ ਸੇਵਕਾਂ ਤੋਂ ਚਲਾਉਦੇਂ ਹਨ ਤਾਂ ਜੋ ਹਸਪਤਾਲ ਦਾ ਆਲਾ-ਦੁਆਲਾ ਸਾਫ਼-ਸੁਥਰਾ ਰੱਖਿਆ ਜਾ ਸਕੇ। ਇਸ ਮੌਕੇ ਡਾ. ਗੁਪਤਾ ਨੇ ਦੱਸਿਆ ਕਿ ਭਿਆਨਕ ਬਿਮਾਰੀਆਂ ਜਿਵੇਂ ਡੇਂਗੂ, ਮਲੇਰੀਆ, ਚਿਕਗੂਨੀਆ, ਡਾਇਰੀਆ, ਹੈਜ਼ਾ, ਇਨਫੈਕਸ਼ਨ ਆਦਿ ਜੋ ਕਿ ਗੰਦਗੀ ਜਾਂ ਖੜੇ ਪਾਣੀ ਜਾਂ ਕੂੜੇ-ਕਰਕਟ ਤੋਂ ਫੈਲਦੀਆਂ ਹਨ ਤੋਂ ਬਚਿਆ ਜਾ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਅਤੇ ਉਹਨਾਂ ਦਾ ਸਾਰਾ ਸਟਾਫ ਮਰੀਜ਼ਾਂ ਦੀ ਦੇਖਭਾਲ ਦੇ ਲਈ ਬਚਨਵਧ ਹਨ। ਕਿਸੇ ਵੀ ਪ੍ਰਕਾਰ ਦੀ ਕਮੀਂ ਇਸ ਹਸਪਤਾਲ ਦੇ ਵਿੱਚ ਨਹੀਂ ਰਹਿਣ ਦਿੱਤੀ ਜਾਵੇਗੀ। ਆਉਣ ਵਾਲੇ ਸਮੇਂ ਦੇ ਵਿੱਚ ਲਗਾਤਾਰ ਸਫਾਈ ਮੁਹਿੰਮਾਂ ਨੂੰ ਚਲਾ ਕਿ ਤਲਵੰਡੀ ਸਾਬੋ ਦੇ ਹਸਪਤਾਲ ਨੂੰ ਸਫਾਈ ਪੱਖੋਂ, ਸਿਹਤ ਸੇਵਾਂਵਾਂ ਪੱਖੋਂ ਅਤੇ ਸਟਾਫ ਦੇ ਪੱਖੋਂ ਪੰਜਾਬ ਦੇ ਵਿੱਚ ਮੂਹਰਲੀਆਂ ਸਫ਼ਾਂ ਦੇ ਵਿੱਚ ਦਰਜ ਹਸਪਤਾਲਾਂ ਦੀ ਸੂਚੀ ਵਿੱਚ ਇਸ ਹਸਪਤਾਲ ਦਾ ਨਾਮ ਵੀ ਦਰਜ ਕਰਵਾਇਆ ਜਾਵੇਗਾ। ਇਸ ਮੌਕੇ ਨਰਸਿੰਗ ਸਿਸਟਰ ਦੀ ਅਗਵਾਈ ਵਾਲੀ ਸਮੂਹ ਸਫਾਈ ਸੇਵਕਾਂ ਦੀ ਟੀਮ ਦਾ ਹੌਸਲਾ ਅਫਜ਼ਾਈ ਵੀ ਕੀਤੀ। ਇਸ ਸਮੇਂ ਚੀਫ ਫਾਰਮੇਸੀ ਅਫਸਰ ਜਸਵੀਰ ਸਿੰਘ, ਨਰਸਿੰਗ ਸਿਸਟਰ ਸ਼ਰਨਜੀਤ ਕੌਰ ਅਤੇ ਹਸਪਤਾਲ ਦੇ ਸਮੂਹ ਸਫਾਈ ਸੇਵਕ ਹਾਜ਼ਰ ਸਨ।

# ਟੈਰਾਸਿਸ ਟੈਕਨੋਲੋਜੀ ਲਿਮਿਟਡ ਕੰਪਨੀ ਵੱਲੋਂ ਪਲੇਸਮੈਂਟ ਕੈਂਪ 28 ਜੁਲਾਈ ਨੂੰ

**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵੱਲੋਂ ਟੈਰਾਸਿਸ ਟੈਕਨੋਲੋਜੀ ਲਿਮਿਟਡ ਕੰਪਨੀ ਨਾਲ ਤਾਲਮੇਲ ਕਰਕੇ ਮਿਤੀ 28 ਜੁਲਾਈ ਦਿਨ ਸੋਮਵਾਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਰੋਜ਼ਗਾਰ ਦਫ਼ਤਰ, ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਸਬੰਧੀ ਜਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਸ਼੍ਰੀਮਤੀ ਸਿੰਪੀ ਸਿੰਗਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੰਪਨੀ ਵੱਲੋਂ ਕੰਪਿਊਟਰ ਓਪਰੇਟਰ (ਲੜਕੇ ਅਤੇ ਲੜਕੀਆਂ ਦੋਵੇਂ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ। ਜਿਸ ਲਈ ਪ੍ਰਾਰਥੀ ਦੀ ਵਿਦਿੱਅਕ ਯੋਗਤਾ ਗਰੈਜੂਏਸ਼ਨ ਪਾਸ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਲੜਕੇ ਲਈ ਉਮਰ 40 ਸਾਲ ਤੱਕ ਅਤੇ ਲੜਕੀਆਂ ਲਈ ਉਮਰ 32 ਸਾਲ ਤੱਕ ਹੋਣੀ ਚਾਹੀਦੀ ਹੈ।ਇਸ ਤੋਂ ਇਲਾਵਾ ਪ੍ਰਾਰਥੀ ਦੀ ਅੰਗਰੇਜ਼ੀ ਟਾਈਪ ਸਪੀਡ 30 ਸ਼ਬਦ ਪ੍ਰਤੀ ਮਿੰਟ ਹੋਣੀ ਚਾਹੀਦੀ ਹੈ ਅਤੇ 120 ਘੰਟੇ ਦਾ ਕੰਪਿਊਟਰ ਡਿਪਲੋਮਾ ਹੋਣਾ ਚਾਹੀਦਾ ਹੈ।

ਚਾਹਵਾਨ ਅਤੇ ਯੋਗ ਪ੍ਰਾਰਥੀ ਰਜਿਊਮ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ ਅਤੇ ਡੀ.ਏ ਦੇਣ ਯੋਗ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵਿਖੇ ਸੰਪਰਕ ਕਰ ਸਕਦੇ ਹਨ।

### ਅੰਡਰ 9 ਸਾਲ ਚੈਂਪੀਅਨ ਵਿੱਚ ਪਹਿਲਾ ਸਥਾਨ ਹਾਸਲ ਕਰਕੇ

# ਗੁਰਕੀਰਤ ਕੌਰ ਸਹੋਤਾ ਨੇ ਰੈਸਲਿੰਗ 'ਚ ਗੱਡੇ ਝੰਡੇ
















ਲੰਡਨ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)-ਯੂ ਕੇ ਵਿੱਚ ਬ੍ਰਟਿਸ਼ ਰੈਸਿਲਿੰਗ ਚੈਪੀਅਨ ਹੋਈ ਜਿਸ ਵਿੱਚ ਬੱਚੀ ਗੁਰਕੀਰਤ ਕੌਰ ਸਹੋਤਾ ਅੰਡਰ 9 ਸਾਲ ਚੈਪੀਅਨ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਜਿੱਤਿਆ ਜਿਸ ਵਿੱਚ ਗੁਰਕੀਰਤ ਕੌਰ ਸਹੋਤਾ ਦੇ ਮਾਤਾ ਪਿਤਾ ਨੂੰ ਪੰਜਾਬੀ ਭਾਈਚਾਰੇ ਨੇ ਵਧਾਈਆਂ ਦਿੱਤੀਆਂ ਤੇ ਖੁਸ਼ੀਆ ਮਨਾਈਆ ਤੇ ਗੁਰਕੀਰਤ ਕੌਰ ਸਹੋਤਾ ਦੇ ਪਿਤਾ ਨੇ ਕਿਹਾ ਕੇ ਜਿਵੇਂ ਮੇਰੀ ਧੀ ਨੇ ਗੋਲਡ ਮੈਡਲ ਹਾਸਲ ਕਰਕੇ ਸਾਡਾ ਮਾਣ ਵਧਾਇਆ ਇਸ ਤਰ੍ਹਾਂ ਪੰਜਾਬੀ ਭਾਈਚਾਰੇ ਨੂੰ ਆਪਣੇ ਬੱਚਿਆਂ ਨੂੰ ਆਈਪੈਡ ਜਾਂ ਫੋਨਾਂ ਤੇ ਖੇਡਣ ਦੀ ਬਜਾਏ ਬੱਚਿਆਂ ਨੂੰ ਸਪੋਰਟ ਵੱਲ ਲਾਇਆ ਜਾਵੇ ਤੇ ਆਤਮ ਨਿਰਭਰ ਬਣਾਇਆ ਜਾਵੇ। ਕੌਰ ਸਹੋਤਾ ਦੇ ਪਿਤਾ ਨੇ ਕਿਹਾ ਕੇ ਇਹ ਜਿੱਤ ਦਾ ਸਿਹਰਾ ਗੁਰਕੀਰਤ ਕੌਰ ਸਹੋਤਾ ਦੇ ਕੋਚ ਸ੍ਰ ਸੰਤੋਖ ਸਿੰਘ ਤੇ ਸੁਰਿੰਦਰ ਸਿੰਘ ਬੰਗੜ ਨੂੰ ਜਾਂਦਾ ਹੈ।



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਦੀਂ ਲਿਖਤ ਕਿਤਾਬ

# 'ਜੰਗੀ ਯੋਧੇ' ਸਕੂਲਾਂ ਕਾਲਜਾ ਯੂਨੀਵਰਸਿਟੀ ਪਿੰਡਾਂ ਸ਼ਹੀਦਾਂ ਸਿੰਘਾਂ ਦੇ ਪਰਿਵਾਰਾਂ ਖੇਡ ਗਰਾਊਂਡਾ ਵਿੱਚ ਭੇਟਾ ਰਹਿਤ ਵੰਡੀ ਜਾਂ ਰਹੀ ਹੈ





★ ਕਿਤਾਬ ਲੈਣ ਲਈ ਸੰਪਰਕ ਕਰੋ ★

## ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ

**ਮੁਖ ਸੇਵਾਦਾਰ ਜੱਥਾ ਠੀਕਰੀਵਾਲ, ਸੰਪਰਕ : +1 73489 28498**

## ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਦੀਂ ਲਿਖਤ ਕਿਤਾਬ

# 'ਜੰਗੀ ਯੋਧੇ' ਸਕੂਲਾਂ ਕਾਲਜਾ ਯੂਨੀਵਰਸਿਟੀ ਪਿੰਡਾਂ ਸ਼ਹੀਦਾਂ ਸਿੰਘਾਂ ਦੇ ਪਰਿਵਾਰਾਂ ਖੇਡ ਗਰਾਉਂਡਾ ਵਿੱਚ ਭੇਟਾ ਰਹਿਤ ਵੰਡੀ ਜਾਂ ਰਹੀ ਹੈ
















★ ਕਿਤਾਬ ਲੈਣ ਲਈ ਸੰਪਰਕ ਕਰੋ ★

## ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ


## ਮੁਖ ਸੇਵਾਦਾਰ ਜੱਥਾ ਠੀਕਰੀਵਾਲ, ਸੰਪਰਕ : +1 73489 28498

### ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਦੀਂ ਲਿਖਤ ਕਿਤਾਬ

# 'ਜੰਗੀ ਯੋਧੇ' ਸਕੂਲਾਂ ਕਾਲਜਾ ਯੂਨੀਵਰਸਿਟੀ ਪਿੰਡਾਂ ਸ਼ਹੀਦਾਂ ਸਿੰਘਾਂ ਦੇ ਪਰਿਵਾਰਾਂ ਖੇਡ ਗਰਾਊਂਡਾ ਵਿੱਚ ਭੇਟਾ ਰਹਿਤ ਵੰਡੀ ਜਾਂ ਰਹੀ ਹੈ








★ ਕਿਤਾਬ ਲੈਣ ਲਈ ਸੰਪਰਕ ਕਰੋ ★

## ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ

**ਮੁਖ ਸੇਵਾਦਾਰ ਜੱਥਾ ਠੀਕਰੀਵਾਲ, ਸੰਪਰਕ : +1 73489 28498**

### ਦਿੱਲੀ ਦੇ ਚੰਦਰ ਵਿਹਾਰ ’ਚ ਸਿੱਖ ਨੌਜਵਾਨ ਨਾਲ ਕੁੱਟਮਾਰ

# ਦਿੱਲੀ ਕਮੇਟੀ ਨੇ ਲਿਆ ਨੋਟਿਸ

**ਨਵੀਂ ਦਿੱਲੀ, 25 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਦੇ ਚੰਦਰ ਵਿਹਾਰ ’ਚ ਖੰਡਾ ਚੌਕ ਵਿਖੇ ਸਿੱਖ ਨੌਜਵਾਨ ਨਾਲ ਕੁਝ ਗੁੰਡਾ ਅਨਸਰਾਂ ਵੱਲੋਂ ਕੁੱਟਮਾਰ ਕਰਨ ਦੇ ਮਾਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦਿੱਲੀ ਪੁਲਿਸ ਦੇ ਉਚ ਅਧਿਕਾਰੀਆਂ ਕੋਲ ਮਾਮਲਾ ਚੁੱਕਦਿਆਂ ਦੋਸ਼ੀਆਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।



ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਚੰਦਰ ਵਿਹਾਰ ਵਿਚ ਇਹ ਨੌਜਵਾਨ ਲੰਬੇ ਸਮੇਂ ਤੋਂ ਸਵੈ ਇੱਛਾ ਨਾਲ ਟਰੈਫਿਕ ਕੰਟਰੋਲ ਕਰਨ ਵਿਚ ਸਹਾਇਤਾ ਦਿੰਦੇ ਹਨ ਜਿਸ ਨਾਲ ਇਲਾਕੇ ਵਿਚ ਟਰੈਫਿਕ ਬਹੁਤ ਸੁਚੱਜੇ ਢੰਗ ਨਾਲ ਚਲਦਾ ਹੈ। ਉਹਨਾਂ ਦੱਸਿਆ ਕਿ ਅੱਜ ਸਵੇਰੇ ਇਕ ਨੌਜਵਾਨ ਗਲਤ ਪਾਸੇ ਤੋਂ ਵਾਹਨ ਚਲਾ ਕੇ ਆ ਰਿਹਾ ਸੀ ਤਾਂ ਇਹਨਾਂ ਸੇਵਾਦਾਰਾਂ ਵਿਚੋਂ ਇਕ ਨੇ ਉਸਨੂੰ ਗਲਤ ਪਾਸੇ ਡ੍ਰਾਇਵਿੰਗ ਨਾ ਕਰਨ ਦੀ ਸਲਾਹ ਦਿੱਤੀ। ਇਸ ’ਤੇ ਨੌਜਵਾਨ ਭੜਕ ਉਠਿਆ ਅਤੇ ਆਪਣੇ ਨਾਲ ਦੇ ਗੁੰਡਾ ਅਨਸਰ ਸੱਦ ਲਿਆ ਤੇ ਉਕਤ ਨੌਜਵਾਨ ਨਾਲ ਕੁੱਟਮਾਰ ਕੀਤੀ। ਉਹਨਾਂ ਕਿਹਾ ਕਿ ਇਹ ਸਾਰੇ ਨੌਜਵਾਨ ਸਿੱਖੀ ਸਰੂਪ ਵਿਚ ਹਨ ਜੋ ਬਿਨਾਂ ਕਿਸੇ ਦੇ ਕਹੇ ਆਪਣੇ ਆਪ ਸੇਵਾ ਕਰਦੇ ਹਨ। ਉਹਨਾਂ ਕਿਹਾ ਕਿ ਜਦੋਂ ਉਹਨਾਂ ਨੂੰ ਇਸ ਕੁੱਟਮਾਰ ਦਾ ਪਤਾ ਲੱਗਾ ਤਾਂ ਉਹਨਾਂ ਤੁਰੰਤ ਇਲਾਕੇ ਦੇ ਮੈਂਬਰ ਅਨੂਪ ਸਿੰਘ ਘੁੰਮਣ ਨੂੰ ਮੌਕੇ ਤੇ ਭੇਜਿਆ ਅਤੇ ਉੱਚ ਪੁਲਿਸ ਅਧਿਕਾਰੀਆਂ ਕੋਲ ਇਹ ਮਾਮਲਾ ਚੁੱਕਿਆ ਹੈ ਤੇ ਦੋਸ਼ੀਆਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ ਤੇ ਅਧਿਕਾਰੀਆਂ ਨੇ ਭਰੋਸਾ ਦੁਆਇਆ ਹੈ ਕਿ ਕੋਈ ਵੀ ਦੋਸ਼ੀ ਬਖਸ਼ਿਆ ਨਹੀਂ ਜਾਵੇਗਾ ਤੇ ਇਹਨਾਂ ਖਿਲਾਫ ਕਾਨੂੰਨ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇਗੀ।

### ਸ਼੍ਰੋਮਣੀ ਅਕਾਲੀ ਦਲ ਵੱਲੋਂ ਲੈਂਡ ਪੂਲਿੰਗ ਸਕੀਮ ਖਿਲਾਫ਼ ਜਨਤਿਕ ਲਾਮਬੰਦੀ ਦਾ ਅਗਾਜ਼

# ਪੰਜਾਬ ਦੇ ਖੇਤਾਂ ’ਤੇ ਹਰਗਿਜ ਕਬਜ਼ਾ ਨਹੀਂ ਹੋਣ ਦਿਆਂਗੇ : ਸਮੁੱਚੀ ਅਕਾਲੀ ਲੀਡਰਸ਼ਿਪ

**ਜਗਰਾਉ, 25 ਜੁਲਾਈ (ਵਰਿਆਮ ਹਠੂਰ)**-ਦਿੱਲੀ ਦੀ ਸ਼ਿਹ ’ਤੇ ਲੈਂਡ ਪੂਲਿੰਗ ਸਕੀਮ ਰਾਹੀਂ ਪੰਜਾਬ ਦੇ ਕਿਰਤੀ ਕਿਸਾਨ ਭਰਾਵਾਂ ਦੀਆਂ ਜਮੀਨਾਂ ’ਤੇ ਕਬਜਾ ਕਰਨ ਦੀ ਘਿਨਾਉਣੀ ਸ਼ਾਜਿਸ਼ ਖਿਲਾਫ਼ ਸ਼੍ਰੋਮਣੀ ਅਕਾਲੀ ਦਲ ਪਿੰਡ-ਪਿੰਡ ਜਨਤਿਕ ਚੇਤਨਾਂ ਮੁਹਿੰਮ ਦਾ ਅਗਾਜ਼ ਕਰੇਗਾ। ਇਹ ਫੈਸਲਾ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਇੰਚਾਰਜ ਐਸ.ਆਰ ਕਲੇਰ ਦੀ ਅਗਵਾਈ ਹੇਠ ਅਕਾਲੀ ਦਲ ਦੇ ਸਮੁੱਚੀ ਲੀਡਰਸ਼ਿਪ ਦੀ ਮੌਜੂਦਗੀ ’ਚ ਲਿਆ। ਇਸ ਮੌਕੇ ਕੋਰ ਕਮੇਟੀ ਮੈਂਬਰ ਐੱਸ ਆਰ ਕਲੇਰ ਸਮੇਤ ਇਕੱਤਰ ਆਗੂਆਂ ਨੇ ਆਖਿਆ ਕਿ ਸੂਬੇ ਦੇ ਹਾਲਾਤ ਬਦਤਰ ਨੇ ਤੇ ਸੂਬੇ ਦਾ ਮੁੱਖ ਮੰਤਰੀ ਕੁਰਸੀ ਦੀ ਚੌਧਰ ਖਾਤਰ ਪੰਜਾਬ ਨੂੰ ਨਿਲਾਮ ਕਰਕੇ ਕੰਗਾਲ ਕਰਨ ਦੇ ਰਾਹ ਤੁਰਿਆ ਹੋਇਆ ਹੈ। ਓਨਾ ਆਖਿਆ ਕਿ ਅੱਜ ਸਾਡੀ ਹੋਂਦ ਖਤਰੇ ਵਿਚ ਹੈ ਤੇ ਪੰਜਾਬ ਦੇ ਦੁਸ਼ਮਣ ਕੇਜਰੀਵਾਲ ਨੇ ਸਾਡੇ ਖੇਤਾਂ ’ਤੇ ਅੱਖ ਰੱਖੀ ਹੋਈ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਦਲਾਲਾਂ ਦੇ ਇਹ ਮਨਸੂਬੇ ਕਦਾਚਿੱਤ ਪੂਰੇ ਨਹੀ ਹੋਣ ਦੇਣਗੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਪਿੰਡਾਂ ਦੇ ਘਰ-ਘਰ ਜਾ ਕੇ ਜਨਤਿਕ ਚੇਤਨਾ ਮੁਹਿੰਮ ਦਾ ਅਗਾਜ਼ ਕਰੇਗਾ ਤੇ ਇਸ ਚੇਤਨਾ ਮੁਹਿੰਮ ਰਾਹੀਂ ਕੇਜਰੀਵਾਲ ਲਾਣੇ ਦੀ ਖੋਟੀ ਨੀਅਤ ਦਾ ਪਰਦਾਫਾਸ਼ ਵੀ ਕੀਤਾ ਜਾਵੇਗਾ। ਪੰਜਾਬ ਨੂੰ ਲੁੱਟਣ ਵਾਲੇ ਲਟੇਰੇ ਮੌਕੇ ਦੀ ਤਾਕ ’ਚ ਬਹਿਰੂਪੀਆਂ ਵਾਂਗ ਆਉਦੇ ਹਨ ਤੇ ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਲੁਟਕੇ ਚਲਦੇ ਬਣਦੇ ਹਨ। ਇਸ ਵਾਰ ਪੰਜਾਬ ਦੇ ਲੋਕ ਕੇਜਰੀਵਾਲ ਨੂੰ ਮੂੰਹ ਤੋੜਵਾਂ ਜੁਆਬ ਦੇਣਗੇ ਤੇ ਅਰਵਿੰਦ ਕੇਜਰੀਵਾਲ ਮੁੜ ਪੰਜਾਬ ਵੱਲ ਮੂੰਹ ਨਹੀ ਕਰਨਗੇ। ਇਸ ਮੌਕੇ ਸੀਨੀ. ਮੀਤ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਚੇਅਰਮੈਨ ਸ. ਕਮਲਜੀਤ ਸਿੰਘ ਮੱਲ੍ਹਾ, ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ, ਸਾਬਕਾ ਚੇਅਰਮੈਨ ਸ ਦੀਦਾਰ ਸਿੰਘ ਮਲਕ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਤੇਜਿੰਦਰਪਾਲ ਸਿੰਘ ਕੰਨੀਆ, ਸਰਕਲ ਪ੍ਰਧਾਨ ਮਨਦੀਪ ਸਿੰਘ ਬਿੱਟੂ ਗਾਲਿਬ ਹਾਜ਼ਰ।



### ਅਕਾਲੀ ਦਲ ਵਾਰਿਸ ਪੰਜਾਬ ਵੱਲੋਂ

# 4 ਅਗਸਤ ਨੂੰ ਬੰਦੀ ਸਿੰਘਾਂ ਦੀ ਰਿਹਾਈ ਡੀ.ਸੀ. ਨੂੰ ਧਰਨਾ ਦਿੱਤਾ ਜਾਵੇਗਾ



ਪਟਿਆਲਾ ( ਰਣਜੀਤ ਸਿੰਘ ਪੇਧਨੀ ) ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਸ.ਜਸਵਿੰਦਰ ਸਿੰਘ ਡਰੋਲੀ ਦੀ ਅਗਵਾਈ ਹੇਠ ਪਟਿਆਲਾ ਜ਼ਿਲ੍ਹੇ ਦੇ ਮੁੱਖ ਦਫ਼ਤਰ ਵਿਖੇ ਇੱਕ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ । ਇਸ ਮੀਟਿੰਗ ਵਿੱਚ ਪਟਿਆਲਾ ਜ਼ਿਲ੍ਹੇ ਦੇ ਜ਼ੁੰਮੇਵਾਰ ਆਗੂ ਨੇ ਸ਼ਿਰਕਤ ਕੀਤੀ ਅਤੇ ਇਸ ਮੀਟਿੰਗ ਵਿੱਚ ਸ਼ਾਮਲ ਹੋਏ ਸਾਰੇ ਮੈਂਬਰਾਂ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਇਸ ਮੀਟਿੰਗ ਵਿੱਚ 4 ਅਗਸਤ ਨੂੰ ਬੰਦੀ ਸਿੰਘਾ ਦੀ ਰਿਹਾਈ ਲਈ 43 ਦਫ਼ਤਰ ਧਰਨਾ ਦੇਣ ਲਈ ਵਿਚਾਰ ਵਟਾਂਦਰਾ ਕੀਤਾ ਅਤੇ 9 ਅਗਸਤ ਨੂੰ ਰੱਖੜ ਪੁੰਨਿਆ ਪਵਿੱਤਰ ਤਿਉਹਾਰ ਉੱਪਰ ਬਾਬਾ ਬਕਾਲਾ ਦੀ ਧਰਤੀ ਤੇ ਹੋਣ ਵਾਲੀ ਕਾਨਫਰੰਸ ਬਾਰੇ ਵਿਚਾਰ ਵਟਾਂਦਰਾ ਕੀਤਾ ਇਸ ਮੀਟਿੰਗ ਦੌਰਾਨ ਸ.ਗੁਰਪ੍ਰੀਤ ਸਿੰਘ ਬਾਰਨ ਪਰਮਜੀਤ ਸਿੰਘ ਮਹਿਮੂਦਪੁਰ,ਗੁਰਜੀਤ ਸਿੰਘ ਜੋਗੀਪੁਰ,ਰਣ ਸਿੰਘ ਲੰਗ,ਸੁਖਵੀਰ ਸਿੰਘ ਬਲਵੇੜਾ, ਵਰਿੰਦਰ ਸਿੰਘ ਖ਼ਾਲਸਾ,ਭਗਵੰਤ ਸਿੰਘ ਸਤਰਾਣਾ ਮਨਜੀਤ ਸਿੰਘ ਖ਼ਾਲਸਾ,ਮਨਜੀਤ ਸਿੰਘ ਮੱਦੋਮਾਜਰ ਇੰਦਰਜੀਤ ਸਿੰਘ ਰੀਠਖੇੜੀ ਗੁਰਮੀਤ ਸਿੰਘ,ਗੁਰਵਿੰਦਰ ਸਿੰਘ,ਮੋਦਨ ਸਿੰਘ,ਦੇਸਰਾਜ,ਮੱਖਣ ਸਿੰਘ,ਬਲਜੋਤ ਸਿੰਘ,ਭੀਮ ਸਿੰਘ,ਹਰਨੇਕ ਸਿੰਘ,ਨਵਿੰਤਰ ਸਿੰਘ,ਯਾਦਵਿੰਦਰ ਸਿੰਘ,ਦਵਿੰਦਰ ਸਿੰਘ,ਜਗਜੀਤ ਸਿੰਘ,ਨਿਰਭੈ ਸਿੰਘ,ਸੁੱਖਪ੍ਰੀਤ ਸਿੰਘ,ਲਖਵੀਰ ਸਿੰਘ,ਹੋਰ ਹਾਜ਼ਰ ਹੋਏ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਿੱਖਾਂ ਦੀ ਬੌਧਿਕ ਕੰਗਾਲੀ ਦਾ ਸਿਖ਼ਰ ਪੇਸ਼ ਕਰਦੀ ਇਹ ਤਸਵੀਰ... !



ਕਿੱਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਤੇ ਕਿੱਥੇ ਸੂਫ਼ੀ ਕਲਾਮ... ਦੱਸੋ ਕੋਈ ਮੇਲ, ਸੰਬੰਧ ਜਾਂ ਸਾਂਝ ਹੈ ਦੋਵਾਂ ’ਚ..?

ਜੇ ਸੂਫੀ ਅੰਦਾਜ਼ ਏਨਾ ਹੀ ਚੰਗਾ ਹੁੰਦਾ ਤਾਂ ਗੁਰੂ ਸਾਹਿਬਾਨਾਂ ਨੇ ਹਾਸ਼ਮ, ਪੀਲੂ ਤੇ ਹੁਸੈਨ, ਵਜੀਦੇ ਵਰਗਿਆਂ ਨੂੰ ਥਾਂ ਦੇ ਦੇਣੀ ਸੀ ਪਰ ਨਹੀਂ ਦਿੱਤੀ ਪਰ ਆਹ ਸਾਡਾ ਪੰਜਾਬੀ ਭਾਸ਼ਾ ਵਿਭਾਗ ਸਰਕਾਰੀ ਪ੍ਰੋਪੇਗੰਡਾ ਦਾ ਹਿੱਸਾ ਬਣ ਕੇ ਇਹ ਕਰਤੂਤ ਕਰਦਾ ਹੋਇਆ ਗੁਰਬਾਣੀ ਤੇ ਸੂਫ਼ੀ ਵਿਚਲਾ ਫ਼ਰਕ ਮਿਟਾ ਰਿਹਾ, ਲੱਖ ਦੀ ਲਾਹਣਤ ਇਹਨਾਂ ਤੇ...!

ਬਾਕੀ BIR SINGH ਏਨਾ ਭੋਲਾ ਜਾਂ ਅਣਜਾਣ ਤਾਂ ਨਹੀਂ ਕਿ ਉਸ ਨੂੰ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਜਿਸ ਸਟੇਜ ਤੇ ਉਹ ਨੱਚ ਰਿਹਾ, ਉਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਵਾਲੀ ਸਟੇਜ ਆ, ਪਿੱਛੇ ਲੱਗੇ ਬੈਨਰ ਵੀ ਨਹੀਂ ਦਿਸੇ... ਕਮਾਲ ਐ...!

ਹੁਣ ਇਹਦੇ ਵਲੋਂ ਮੁਆਫ਼ੀਨਾਮਾ ਆ ਗਿਐ ਤੇ ਮੰਨ ਰਿਹਾ ਕਿ ਵੱਡੀ ਗ਼ਲਤੀ ਹੋ ਗਈ ਪਰ ਇੱਥੇ ਉਹ ਸਾਰੀ ਗੱਲ ਅਪਣੀ ਪ੍ਰਬੰਧਕ ਟੀਮ ਤੇ ਸੁੱਟ ਰਿਹਾ ਤੇ ਅੱਜ ਸ਼ਾਮ ਨੂੰ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋਣ ਬਾਰੇ ਵੀ ਬੋਲ ਦਿੱਤਾ ਤੇ ਪੰਥ ਵਲੋਂ ਹਰ ਸਜ਼ਾ, ਸੇਵਾ ਮੰਨਜ਼ੂਰ ਕਰਨ ਦੀ ਗੱਲ ਕਰ ਰਿਹਾ... ਚਲੋ ਅੱਗੇ ਹੁਣ ਪੰਥ ਵੇਖੇ ਕਿ ਕਿਵੇਂ ਇਸ ਮਸਲੇ ਨੂੰ ਨਜਿੱਠਣਾ ਪਰ ਸਭ ਤੋਂ ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਜਿੱਥੇ ਬੀਰ ਸਿੰਘ ਵਰਗੇ ਵੀ ਇਹਨਾਂ ਸਰਕਾਰੀ ਚਾਲਾਂ ਦਾ ਸ਼ਿਕਾਰ ਸਹਿਜੇ ਹੀ ਬਣ ਜਾਂਦੇ ਨੇ ਤਾਂ ਉਥੇ ਆਮ ਬੰਦੇ ਕਿਵੇਂ ਬਚਣਗੇ...??

ਸਿੱਖਾਂ ਲਈ ਅੱਗੇ ਆਉਣ ਵਾਲਾ ਸਮਾਂ ਬੇਹੱਦ ਸੁਚੇਤ ਹੋ ਕੇ ਚੱਲਣ ਦਾ ਆ, ਗੁਰੂ ਪਾਤਸ਼ਾਹ ਕਿਰਪਾ ਕਰਨ...!

-ਗੁਰਪਰੀਤ ਸਿੰਘ ਵਰਨ

# ਸਰਹਿੰਦ ਨਹਿਰ ਵਿੱਚ ਡਿੱਗੀ ਕਾਰ ’ਚ ਸਵਾਰ 11 ਲੋਕਾਂ ਨੂੰ ਬਚਾਉਣ ਵਾਲੇ 4 ਮੁਲਾਜ਼ਮ ਸਨਮਾਨਿਤ





**ਚੰਡੀਗੜ੍ਹ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਅੱਜ ਚੰਡੀਗੜ੍ਹ ਵਿਖੇ ਆਪਣੀਆਂ ਜਾਨਾਂ ਦੀ ਪਰਵਾਹ ਕੀਤੇ ਬਿਨਾਂ ਸਰਹਿੰਦ ਨਹਿਰ ਵਿੱਚ ਡਿੱਗੀ ਕਾਰ ’ਚ ਸਵਾਰ 11 ਲੋਕਾਂ ਨੂੰ ਬਚਾਉਣ ਵਾਲੀ ਬਠਿੰਡਾ ਪੁਲਿਸ ਦੀ ਪੀ.ਸੀ.ਆਰ ਟੀਮ ਦੇ 4 ਮੁਲਾਜ਼ਮਾਂ ਨੂੰ ਮਿਸਾਲੀ ਸੇਵਾ ਲਈ ਸਨਮਾਨਿਤ ਕੀਤਾ। ਬਹਾਦਰ ਜਵਾਨਾਂ ਦੀ ਬਹਾਦਰੀ ਅਤੇ ਜਜ਼ਬੇ ਨੂੰ ਸਲਾਮ, ਜਿਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਉਂਦੇ ਹੋਏ ਪੂਰੀ ਲਗਨ ਅਤੇ ਵਚਨਬੱਧਤਾ ਨਾਲ ਲੋਕਾਂ ਦੀ ਸੇਵਾ ਕਰਨ ਵਿੱਚ ਪੰਜਾਬ ਪੁਲਿਸ ਦੀ ਸ਼ਾਨਦਾਰ ਵਿਰਾਸਤ ਨੂੰ ਕਾਇਮ ਰੱਖਿਆ। ਇਹਨਾਂ ਪੁਲਿਸ ਮੁਲਾਜ਼ਮਾਂ ਦੀ ਦਲੇਰੀ ਹੋਰ ਅਧਿਕਾਰੀਆਂ ਨੂੰ ਵੀ ਇਸੇ ਤਰ੍ਹਾਂ ਜੋਸ਼ ਅਤੇ ਵਚਨਬੱਧਤਾ ਨਾਲ ਲੋਕਾਂ ਦੀ ਸੇਵਾ ਕਰਨ ਲਈ ਪ੍ਰੇਰਿਤ ਕਰੇਗੀ। ਆਉਣ ਵਾਲੇ ਰਾਜ ਪੱਧਰੀ ਆਜ਼ਾਦੀ ਦਿਵਸ ਸਮਾਰੋਹ ਦੌਰਾਨ ਇਹਨਾਂ ਮੁਲਾਜ਼ਮਾਂ ਨੂੰ ਉਹਨਾਂ ਦੀ ਬਹਾਦਰੀ ਲਈ ’ਮੁੱਖ ਮੰਤਰੀ ਰਕਸ਼ਕ ਪਦਕ’ ਨਾਲ ਸਨਮਾਨਿਤ ਕੀਤਾ ਜਾਵੇਗਾ।

### ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲੀਆਂ ਵਿਖੇ

# ਕਰੀਅਰ ਕਾਊਂਸਲਿੰਗ ਸੈਸ਼ਨ ਦਾ ਆਯੋਜਨ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਸ਼੍ਰੀਮਤੀ ਸਿੰਪੀ ਸਿੰਗਲਾ ਜਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ,ਅਫਸਰ ਸੰਗਰੂਰ ਦੁਆਰਾ ਜਾਣਕਾਰੀ ਦਿੱਤੀ ਗਈ ਕਿ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਸੰਗਰੂਰ ਦਫ਼ਤਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲੀਆਂ ਵਿਖੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਕਰੀਅਰ ਕਾਊਂਸਲਿੰਗ ਸੈਸ਼ਨ ਆਯੋਜਿਤ ਕੀਤਾ ।ਇਸ ਦੌਰਾਨ 68 ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਇਸ ਦਫਤਰ ਦੇ ਨੁਮਾਇੰਦੇਆਂ ਵੱਲੋਂ ਇਹਨਾਂ ਵਿਦਿਆਰਥੀਆਂ ਨੂੰ ਰੱਖਿਆ ਸੈਨਾਵਾਂ ਵਿੱਚ ਭਰਤੀ, ਮੁਕਾਬਲੇ ਦੀਆਂ ਪ੍ਰੀਖਿਆਵਾਂ, ਅਗਲੇਰੀ ਪੜ੍ਹਾਈ, ਪ੍ਰਵੇਸ਼ ਪ੍ਰੀਖਿਆਵਾਂ, ਵਿਸ਼ਾ-ਚੋਣ, ਵੱਖ-ਵੱਖ ਵਿਦਿਅਕ ਅਦਾਰਿਆਂ ਵਿੱਚ ਦਾਖਲਾ ਪ੍ਰੀਕਿਰਿਆ, ਟ੍ਰੇਨਿੰਗ ਇੰਸਟੀਚਿਊਨਲ, ਕਰੀਅਰ ਪਲਾਨਿੰਗ ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਸੰਗਰੂਰ ਵਿਖੇ ਬੇਰੋਜ਼ਗਾਰ ਪ੍ਰਾਰਥੀਆਂ ਲਈ ਉਪਲੱਬਧ ਸਹੂਲਤਾਂ ਬਾਰੇ ਵੀ ਜਾਗਰੂਕ ਕੀਤਾ ਗਿਆ।

ਇਸ ਦੌਰਾਨ ਵਿਦਿਆਰਥੀਆਂ ਨੂੰ ਸਵੈ-ਰੋਜ਼ਗਾਰ ਦੇ ਮੌਕਿਆ ਅਤੇ ਸਕਿੱਲ ਟ੍ਰੇਨਿੰਗ ਕੋਰਸਾਂ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ ਗਈ ।ਇਸ ਸ਼ੈਸ਼ਨ ਨੂੰ ਆਯੋਜਿਤ ਕਰਨ ਲਈ ਸਕੂਲ ਦੇ ਪ੍ਰਿੰਸੀਪਲ ਸ੍ਰੀ ਹਰਦੇਵ ਸਿੰਘ ਜੀ ਵੱਲੋਂ ਇਸ ਦਫਤਰ ਦੇ ਮੁਖੀ ਅਤੇ ਨੁੰਮਾਦਿਆਂ ਦਾ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

### 9 ਸਾਲ ਦੀ ਬੱਚੀ ਨੂੰ ਭਿੱਖਿਆ ਮੰਗਣ ਤੋਂ ਰੋਕਿਆ

# ਜਿਲਾ ਪੱਧਰੀ ਟਾਸਕ ਟੀਮ ਦੁਆਰਾ ਛਾਪੇਮਾਰੀ




**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪ੍ਰੋਜੈਕਟ ਜੀਵਨ ਜੋਤ 2.0 ਦੇ ਤਹਿਤ ਸ਼ਹਿਰ ਧੂਰੀ ਵਿਖੇ ਜਿਲਾ ਬਾਲ ਸੁਰੱਖਿਆ ਅਫਸਰ ਸ੍ਰੀਮਤੀ ਨਵਨੀਤ ਕੌਰ ਤੂਰ ਦੀ ਅਗਵਾਈ ਹੇਠ ਜਿਲਾ ਪੱਧਰੀ ਟਾਸਕ ਟੀਮ ਦੁਆਰਾ ਵੱਖ- ਵੱਖ ਸਥਾਨਾਂ ਤੇ ਛਾਪੇਮਾਰੀ ਕੀਤੀ ਗਈ। ਇਸ ਪ੍ਰੋਜੈਕਟ ਦੇ ਤਹਿਤ ਪਹਿਲਾਂ ਵੀ ਜਿਲਾ ਸੰਗਰੂਰ ਦੇ ਵੱਖ- ਵੱਖ ਬਲਾਕਾਂ ਵਿੱਚ ਛਾਪੇਮਾਰੀ ਕੀਤੀ ਗਈ ਸੀ, ਜਿਸ ਦੇ ਤਹਿਤ 5 ਬੱਚਿਆਂ ਨੂੰ ਬਾਲ ਭਿੱਖਿਆ ਕਰਨ ਤੋਂ ਰੋਕਿਆ ਗਿਆ ਸੀ।ਅੱਜ ਇੱਕ ਬੱਚੀ ਉਮਰ 9 ਸਾਲ ਨੂੰ ਬਾਲ ਭਿੱਖਿਆ ਕਰਦੇ ਹੋਏ ਪਾਇਆ ਗਿਆ, ਜਿਸ ਦੇ ਉਪਰੰਤ ਟੀਮ ਦੁਆਰਾ ਕਾਰਵਾਈ ਕਰਦੇ ਹੋਏ ਬੱਚੀ ਨੂੰ ਬਾਲ ਭਲਾਈ ਕਮੇਟੀ ਸੰਗਰੂਰ ਵਿਖੇ ਪੇਸ਼ ਕੀਤਾ ਗਿਆ ਅਤੇ ਉਹਦੇ ਦਸਤਾਵੇਜਾਂ ਦੀ ਜਾਂਚ ਪੜਤਾਲ ਕੀਤੀ ਗਈ। ਬੱਚੀ ਦੇ ਪਰਿਵਾਰ ਨੂੰ ਭਵਿੱਖ ਵਿੱਚ ਭਿਖਿਆ ਨਾ ਮੰਗਵਾਉਣ ਦੀ ਸਖਤ ਹਿਦਾਇਤ ਨਾਲ ਕਾਊਂਸਲਿੰਗ ਉਪਰੰਤ ਸ਼ੌਂਪ ਦਿੱਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

**ਭਵਿੱਖ ਵਿੱਚ ਭਿਖਿਆ ਨਾ ਮੰਗਵਾਉਣ ਦੀ ਸਖਤ ਹਦਾਇਤ ਨਾਲ ਕਾਊਂਸਲਿੰਗ ਉਪਰੰਤ ਪਰਿਵਾਰ ਨੂੰ ਸੌਂਪਿਆ**

ਇਸ ਉਪਰੰਤ ਜਿਲਾ ਬਾਲ ਸੁਰੱਖਿਆ ਅਫਸਰ ਅਤੇ ਟੀਮ ਮੈਂਬਰਾਂ ਦੁਆਰਾ ਆਮ ਜਨਤਾ ਨੂੰ ਅਪੀਲ ਕੀਤੀ ਗਈ ਕਿ ਕਿਸੇ ਵੀ ਭਿਖਾਰੀ ਨੂੰ ਭੀਖ ਨਾ ਦੇਣ ਅਤੇ ਇਸ ਤਰਾਂ ਦੇ ਬਾਲ ਭਿਖਾਰਿਆਂ ਦੀ ਸੂਚਨਾ ਉਹ ਪ੍ਰਸ਼ਾਸਨ ਨੂੰ ਦੇਣ। ਉਹਨਾਂ ਦੁਆਰਾ ਅੱਗੇ ਦੱਸਿਆ ਗਿਆ ਕਿ ਬਾਲ ਭਿੱਖਿਆ ਦੇ ਖਾਤਮੇ ਲਈ ਇਹ ਛਾਪੇਮਾਰੀਆ ਲਗਾਤਾਰ ਜਾਰੀ ਰਹਿਣਗੀਆਂ। ਜੇਕਰ ਕੋਈ ਵਿਅਕਤੀ ਬੱਚੇ ਸਮੇਤ ਭੀਖ ਮੰਗਦਾ ਪਾਇਆ ਗਿਆ ਤਾਂ ਉਹਨਾਂ ਦੇ ਦਸਤਾਵੇਜ ਚੈੱਕ ਕਰਦੇ ਹੋਏ ਸਖਤ ਕਾਰਵਾਈ ਕੀਤੀ ਜਾਵੇਗੀ। ਦਸਤਾਵੇਜ ਨਾ ਹੋਣ ਦੀ ਸੂਰਤ ਵਿੱਚ ਬੱਚੇ ਅਤੇ ਵਿਅਕਤੀ ਦਾ ਡੀ.ਐਨ.ਏ ਚੈੱਕ ਕੀਤਾ ਜਾਵੇਗਾ ਅਤੇ ਉਹਨਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਇਸ ਮੌਕੇ ਤੇ ਭਿਖਾਰੀਆਂ ਨੂੰ ਭੀਖ ਨਾ ਦੇਣ ਸਬੰਧੀ ਪੋਸਟਰ ਵੀ ਸ਼ਹਿਰ ਦੇ ਆਮ ਜਨਤਾ ਨੂੰ ਵੰਡੇ ਗਏ ਅਤੇ ਵੱਖ- ਵੱਖ ਜਨਤਕ ਥਾਵਾਂ ਤੇ ਲਗਾਏ ਗਏ। ਜ਼ਿਲ੍ਹਾ ਪੱਧਰੀ ਟਾਸਕ ਟੀਮ ਵਿੱਚ ਜਿਲਾ ਬਾਲ ਸੁਰੱਖਿਆ ਅਫਸਰ ਸ੍ਰੀਮਤੀ ਨਵਨੀਤ ਕੌਰ ਤੂਰ ਅਤੇ ਉਨਾਂ ਦਾ ਸਟਾਫ ਜੋਤੀ ਮਲਹੋਤਰਾ ਅਤੇ ਰੂਪਿੰਦਰ ਸਿੰਘ,ਪੁਲਿਸ ਵਿਭਾਗ ਵੱਲੋਂ ਪੀਸੀਆਰ ਹੈਡ ਸੰਜੇ ਕੁਮਾਰ, ਸਿਹਤ ਵਿਭਾਗ ਵੱਲੋਂ ਡਾਕਟਰ ਰਮਨਦੀਪ ਕੌਰ, ਸਿੱਖਿਆ ਵਿਭਾਗ ਦੇ ਮੋਹਿੰਦਰ ਕੁਮਾਰ ਸ਼ਾਮਿਲ ਸਨ।

# ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਡ੍ਰਾਈ ਡੇ ਐਕਟੀਵਿਟੀ ਕੀਤੀ ਗਈ




**ਧੂਰੀ ( ਰਣਜੀਤ ਸਿੰਘ ਪੇਧਨੀ )**- ਸਿਵਲ ਸਰਜਨ ਡਾਕਟਰ ਸੰਜੇ ਕਾਮਰਾ ਦੇ ਦਿਸ਼ਾ ਨਿਰਦੇਸ਼ਾ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਅਤੇ ਐਸ ਐਮ ਓ ਡਾਕਟਰ ਸੁਦੀਪ ਸਿੱਧੂ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਐਸ ਆਈ ਅਤੇ ਗੁਰਜੰਟ ਸਿੰਘ ਐਸ ਆਈ ਦੀ ਸੁਪਰਵੀਜਨ ਵਿੱਚ ਪਿੰਡ ਬਟੂਹਾ,ਕਿਲਾਂ ਹਕੀਮਾਂ,ਨੱਤ,ਪੁੰਨਾਵਾਲ ਵਿਖੇ ਘਰਾਂ ਅਤੇ ਪਬਲਿਕ ਥਾਵਾਂ,ਕਮਿਊਨਟੀ ਹਾਲ,ਧਾਰਮਿਕ ਸਥਾਨਾਂ ਆਦਿ ਵਿਖੇ ਹਰ ਸ਼ੁੱਕਰਵਾਰ ਡੈਗੂ ਤੇ ਵਾਰ ਡ੍ਰਾਈ ਡੇ ਐਕਟੀਵਿਟੀ ਕੀਤੀ ਗਈ ਅਤੇ ਸਰਕਾਰੀ ਹਾਈ ਸਕੂਲ ਕਿਲਾਂ ਹਕੀਮਾਂ ਵਿਖੇ ਬੱਚਿਆਂ ਦੀ ਡੈਂਗੂ,ਚਿਕਨਗੁਨੀਆ, ਮਲੇਰੀਏ ਅਤੇ ਬਰਸਾਤ ਤੋਂ ਹੋਣ ਵਾਲੀਆਂ ਬਿਮਾਰੀਆਂ ਹੈਜਾ,ਦਸਤ ਉਲਟੀਆ ਆਦਿ ਤੋਂ ਬਚਾਓ ਲਈ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਸਮ ਵਿੱਚ ਮੱਛਰਾਂ ਦੀ ਪੈਦਾਇਸ ਵਿੱਚ ਕਾਫੀ ਵਾਧਾ ਹੁੰਦਾ ਹੈ ਇਸ ਲਈ ਸਾਨੂੰ ਮੱਛਰ ਦੇ ਲਾਰਵੇ ਨੂੰ ਪੈਦਾ ਹੋਣ ਤੋਂ ਰੋਕਣਾ ਹੈ । ਇਸ ਲਈ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਉਪਰਾਲਾ ਕਰਨਾ ਚਾਹੀਦਾ ਹੈ ।ਇਸ ਲਈ ਸਾਨੂੰ ਸਾਰਿਆਂ ਨੂੰ ਆਪਣੇ ਆਪਣੇ ਘਰਾਂ ਵਿੱਚ ਕੂਲਰਾਂ,ਫਰਿੱਜਾਂ ਦੀਆਂ ਟਰੇਆਂ,ਟੈਕੀਆਂ,ਕੰਨਟੇਨਰਾ,ਕਟੋਰੇ,ਬਰਤਨਾ ਕਬਾੜ ਆਦਿ ਨੂੰ ਸਾਫ਼ ਕਰਨਾ ਚਾਹੀਦਾ ਹੈ ।ਅਤੇ ਘਰਾਂ ਤੋਂ ਬਾਹਰ ਪਏ ਕੰਡਮ ਸਮਾਨ ਜਿਵੇਂ ਪੁਰਾਣੇ ਟਾਇਰ,ਖਾਲੀ ਬੋਤਲਾਂ ਜਿੰਨਾਂ ਵਿੱਚ ਬਰਸਾਤ ਦਾ ਪਾਣੀ ਜਮਾਂ ਹੋ ਜਾਂਦਾ ਹੈ ਛੱਤਾ ਤੋਂ ਥੱਲੇ ਰੱਖਣ ਸਬੰਧੀ ਜਾਣਕਾਰੀ ਦਿੱਤੀ ਗਈ ।ਸਮੁੱਚੀ ਟੀਮ ਵੱਲੋਂ ਕੂਲਰਾਂ ਅਤੇ ਪਾਣੀ ਦੇ ਸੋਮਿਆਂ ਵਿੱਚ ਲਾਰਵੇ ਦੀ ਚੈਕਿੰਗ ਕੀਤੀ ਅਤੇ ਬੁਖਾਰ ਹੋਣ ਤੇ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਇਲਾਹਾਬਾਦ ਹਾਈ ਕੋਰਟ ਕਾਨਪੁਰ ਦੇ ਸਿੱਖ ਕਤਲੇਆਮ ਮਾਮਲਿਆਂ ਉਪਰ ਵਿਸ਼ੇਸ਼ ਧਿਆਨ ਦੇ ਕੇ ਜਲਦ ਨਿਪਟਾਰਾ ਕਰੇ: ਸੁਪਰੀਮ ਕੋਰਟ

## ਕੁਲਦੀਪ ਸਿੰਘ ਭੋਗਲ ਵਲੋਂ ਅਦਾਲਤ ਅੰਦਰ ਜਨਹਿੱਤ ਪਟੀਸ਼ਨ ਕੀਤੀ ਹੋਈ ਹੈ ਦਾਖਿਲ



**ਨਵੀਂ ਦਿੱਲੀ, 25 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:-ਦੇਸ਼ ਦੀ ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈ ਕੋਰਟ ਨੂੰ ਕਾਨਪੁਰ ਵਿਖ਼ੇ ਨਵੰਬਰ 1984 ਵਿਚ ਕੀਤੇ ਗਏ ਸਿੱਖ ਕਤਲੇਆਮ ਨਾਲ ਸਬੰਧਤ ਮਾਮਲਿਆਂ ਦੀ ਸੁਣਵਾਈ ਕਰਣ ਦੀ ਅਪੀਲ ’ਤੇ ਵਿਸ਼ੇਸ਼ ਧਿਆਨ ਦੇ ਕੇ ਮਾਮਲੇ ਦਾ ਨਿਪਟਾਰਾ ਕਰਨ ਦੀ ਅਪੀਲ ਕੀਤੀ ਹੈ। ਆਲ ਇੰਡੀਆ ਦੰਗਾ ਪੀੜਤ ਰਾਹਤ ਕਮੇਟੀ 1984 ਦੇ ਪ੍ਰਧਾਨ ਜਥੇਦਾਰ ਕੁਲਦੀਪ ਸਿੰਘ ਭੋਗਲ ਨੇ ਪ੍ਰੈਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਸੁਪਰੀਮ ਕੋਰਟ ਵਿੱਚ, ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜੋਏ ਮਾਲਿਆ ਬਾਗਚੀ ਨੇ ਕਾਨਪੁਰ ਸਿੱਖ ਕਤਲੇਆਮ ਮਾਮਲਿਆਂ ਲਈ ਦਾਇਰ ਜਨਹਿੱਤ ਪਟੀਸ਼ਨ 45/17 ਵਿੱਚ ਪਟੀਸ਼ਨਰ ਕੁਲਦੀਪ ਸਿੰਘ ਭੋਗਲ ਅਤੇ ਉਨ੍ਹਾਂ ਦੇ ਵਕੀਲਾਂ ਸ਼੍ਰੀ ਪ੍ਰਸੂਨ ਕੁਮਾਰ, ਜਗਜੀਤ ਸਿੰਘ, ਆਦਿਤਿਆ ਚੌਧਰੀ ਐਡਵੋਕੇਟ ਕੋਲੋਂ ਮਾਮਲੇ ਨਾਲ ਸਬੰਧਤ ਤੱਥਾਂ ਬਾਰੇ ਪੁੱਛਗਿੱਛ ਕੀਤੀ। ਉਪਰੰਤ ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈ ਕੋਰਟ ਨੂੰ ਇਸ ਮਾਮਲੇ ਨਾਲ ਸਬੰਧਤ ਅਪੀਲ ’ਤੇ ਵਿਸ਼ੇਸ਼ ਧਿਆਨ ਦੇ ਕੇ ਮਾਮਲੇ ਦਾ ਨਿਪਟਾਰਾ ਕਰਨ ਦੀ ਅਪੀਲ ਕੀਤੀ ਹੈ। ਕਾਨਪੁਰ ਸਿੱਖ ਕਤਲੇਆਮ ਮਾਮਲੇ ਅੰਦਰ ਹੁਣ ਤੱਕ ਕਾਨਪੁਰ ਅਦਾਲਤ ਵਿੱਚ 11 ਮਾਮਲੇ ਵਿਚਾਰ ਅਧੀਨ ਹਨ, ਜਿਨ੍ਹਾਂ ਵਿੱਚੋਂ ਇਲਾਹਾਬਾਦ ਹਾਈ ਕੋਰਟ ਨੇ 3 ਮਾਮਲਿਆਂ ’ਤੇ ਰੋਕ ਲਗਾ ਦਿੱਤੀ ਹੈ ਅਤੇ ਬਾਕੀ ਮਾਮਲੇ ਅਜੇ ਵੀ ਅਦਾਲਤ ਵਿੱਚ ਵਿਚਾਰ ਅਧੀਨ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਵਕੀਲਾਂ ਨੇ ਸੁਪਰੀਮ ਕੋਰਟ ਦਾ ਧੰਨਵਾਦ ਕੀਤਾ ਕਿ ਅਦਾਲਤ ਇਸ ਮਾਮਲੇ ਦਾ ਨੋਟਿਸ ਲੈ ਰਹੀ ਹੈ ਅਤੇ ਮਨੁੱਖੀ ਹਮਦਰਦੀ ਨਾਲ ਇਸਦੀ ਸੁਣਵਾਈ ਕਰ ਰਹੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਜੇਠੂਵਾਲ ਵਿਖੇ ਸ਼ਹੀਦੀ ਜੋੜ ਮੇਲਾ ਮਨਾਇਆ







ਚੌਕ ਮਹਿਤਾ,24 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ) ਸਮੂਹ ਸ਼ਹੀਦਾਂ ਦੀ ਪਾਵਨ ਯਾਦ ਅੰਦਰ ਗੁਰਦੁਆਰਾ "ਬਾਬੇ ਸ਼ਹੀਦਾਂ" ਪਿੰਡ ਜੇਠੂਵਾਲ ਵਿਖੇ 9 ਸਾਵਣ ਦਾ ਸਾਲਾਨਾਂ ਜੋੜ ਮੇਲਾ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਹਜੂਰੀ ਰਾਗੀ ਭਾਈ ਕੁਲਦੀਪ ਸਿੰਘ ਜੀ ਦੇ ਜਥੇ ਵਲੋਂ ਕੀਰਤਨ ਦੀ ਹਾਜਰੀ ਭਰੀ ਉਪਰੰਤ ਪੰਥ ਪ੍ਰਸਿੱਧ ਵਿਦਵਾਨ ਢਾਡੀ ਮਿਲਖਾ ਸਿੰਘ ਮੌਜੀ ਦੇ ਜਥੇ ਵਲੋਂ ਅਠਾਰਵੀਂ ਸਦੀ ਦੇ ਮਹਾਨ ਜਰਨੈਲ ਨਵਾਬ ਕਪੂਰ ਸਿੰਘ ਜੀ ਦੇ ਤਿਆਗ ਅਤੇ ਕੁਰਬਾਨੀ ਭਰੇ ਇਤਿਹਾਸ ਚੋਂ ਸ਼ਹੀਦਾਂ ਨੂੰ ਯਾਦ ਕਰਦਿਆਂ ਅਠਾਰਵੀਂ ਸਦੀ ਦੇ ਸੁਨਹਿਰੀ ਸਿੱਖ ਇਤਿਹਾਸ ਚੋਂ ਢਾਡੀ ਵਾਰਾਂ ਗਾਇਨ ਕਰਕੇ ਸੂਰਬੀਰ ਸ਼ਹੀਦਾਂ ਸਿੰਘਾਂ ਦੀ ਬਹਾਦਰੀ ਦਾ ਪ੍ਰਸੰਗ ਸਾਂਝਾ ਕਰਕੇ ਸੰਗਤਾਂ ਨੂੰ ਸਤਿਗੁਰੂ ਜੀ ਦੇ ਲੜ ਲੱਗਣ ਦੀ ਪ੍ਰੇਰਣਾ ਦਿੱਤੀ। ਪਹੁੰਚੇ ਜਥਿਆਂ ਅਤੇ ਵਿਦਵਾਨਾਂ ਦਾ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਕੈਪਟਨ ਸੁਰਜੀਤ ਸਿੰਘ,ਦਿਲਦਾਰ ਸਿੰਘ ਢਿਲੋਂ,ਸਾਬਕਾ ਸਰਪੰਚ ਅਨੂਪ ਸਿੰਘ,ਜਥੇਦਾਰ ਬਲਵਿੰਦਰ ਸਿੰਘ ਜੋਧਪੁਰੀ,ਕੁਲਦੀਪ ਸਿੰਘ ਜੇ.ਈ,ਹਰਪਾਲ ਸਿੰਘ ਬੁੱਟਰ,ਦਾਰਾ ਸਿੰਘ ਫੌਜੀ,ਨੰਬਰਦਾਰ ਕੁਲਦੀਪ ਸਿੰਘ,ਮੁਖਵਿੰਦਰ ਸਿੰਘ ਸੰਧੂ,ਬਾਬਾ ਹਰਪ੍ਰੀਤ ਸਿੰਘ,ਸੁੱਚਾ ਸਿੰਘ ਲੁਧਿਆਣਾ,ਅਮਨਦੀਪ ਸਿੰਘ ਸੰਧੂ, ਦਿਲਬਾਗ ਸਿੰਘ,ਮੌਜੂਦਾ ਸਰਪੰਚ ਤਰਸੇਮ ਸਿੰਘ,ਲਖਵਿੰਦਰ ਸਿੰਘ,ਬਲਜਿੰਦਰ ਸਿੰਘ ਬੁੱਟਰ,ਗੁਰਪ੍ਰੀਤ ਸਿੰਘ,ਸੰਤੋਖ ਸਿੰਘ,ਅਮਰੀਕ ਸਿੰਘ,ਕਰਮ ਸਿੰਘ,ਸੁਖਬੀਰ ਸਿੰਘ,ਸ਼ਮਸ਼ੇਰ ਸਿੰਘ ਜੇਠੂਵਾਲ,ਜਥੇਦਾਰ ਬਾਬਾ ਕਰਨੈਲ ਸਿੰਘ,ਬਲਵਿੰਦਰ ਸਿੰਘ ਬੰਬ,ਥਾਣੇਦਾਰ ਕਸ਼ਮੀਰ ਸਿੰਘ,ਕਿਸਾਨ ਆਗੂ ਕੁਲਬੀਰ ਸਿੰਘ, ਸੈਨਿਕ ਆਗੂ ਤਸਵੀਰ ਸਿੰਘ ਫੌਜੀ,ਬਲਦੇਵ ਸਿੰਘ,ਬਾਬਾ ਚਤਰ ਸਿੰਘ ਆਦਿ ਸਖਸ਼ੀਅਤਾਂ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬੀਆ ਦੀ ਮਾਂ-ਬੋਲੀ ਅਤੇ ਸਭਿਆਚਾਰ ਨੂੰ ਸਾਂਭਣ ਵਾਲਾ- ਹੋਲੈਂਡ (ਨੀਦਰਲੈਂਡ)

# ਹੋਲੈਂਡ (ਨੀਦਰਲੈਂਡ) ਦੇ ਪੰਜਾਬੀਆ ਨੇ ਮਾਂ-ਬੋਲੀ ਪੰਜਾਬੀ ਅਤੇ ਪੰਜਾਬੀ ਸਭਿਆਚਾਰ ਨੂੰ ਸਾਂਭ ਕੇ ਰੱਖਿਆ ਹੈ :ਹਰਪਾਲ ਸਿੰਘ ਯੂ.ਕੇ.



ਚੌਕ ਮਹਿਤਾ,25 ਜੁਲਾਈ( ਬਾਬਾ ਸੁਖਵੰਤ ਸਿੰਘ ਚੰਨਣਕੇ )ਯੂਰਪ ਦੇਸ਼ ਵਿਚ ਸਭ ਤੋਂ ਵੱਧ ਪੰਜਾਬੀ ਵੱਸਦੇ ਹਨ ਅਤੇ ਯੂਰਪ ਵਿਚ ਹੀ ਇਕ ਹੋਲੈਂਡ (ਨੀਦਰਲੈਂਡ) ਵਿਚ ਬਹੁਤ ਪੰਜਾਬੀ ਹਨ ।ਜਿਸ ਵਿਚ ਪੰਜਾਬੀ ਮਾਂ-ਪਿਉ ਨੇ ਬੱਚਿਆ ਨੂੰ ਪੂਰੀ ਮਾਂ-ਬੋਲੀ ਪੰਜਾਬੀ ਅਤੇ ਪੰਜਾਬੀ ਸਭਿਆਚਾਰ ਨਾਲ ਜੋੜ ਕੇ ਰੱਖਿਆ ਹੈ। ਉਥੋ ਦੇ ਪੰਜਾਬੀ ਬੱਚੇ ਆਪਣੇ ਵੱਡਿਆ ਦਾ ਸਤਿਕਾਰ ਕਰਨ ਵਿਚ ਕੋਈ ਕਮੀ ਨਹੀ ਛੱਡਦੇ। ਯੂਰਪ ਦੇਸ਼ ਦਾ ਵਾਤਾਵਰਨ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਹੈ। ਯੂਰਪ ਦੇ ਹੋਲੈਂਡ ਦੇਸ਼ ਦੀ ਸਫਾਈ ਬਹੁਤ ਹੀ ਵਧੀਆ ਹੈ। ਇਥੇ ਹਰ ਚੀਜ ਸਾਫ ਸੁਥਰੀ ਹੈ। ਇਥੋ ਦੇ ਲੋਕ ਰੋਡ ਉਪਰ ਕੂੜਾ ਕਰਕਟ ਵੀ ਨਹੀ ਸੁੱਟਦੇ। ਇਥੇ ਹਰੇਕ ਘਰ ਦੇ ਵਿਚ ਰੁੱਖ ਬੂਟੇ ਲੱਗੇ ਹੋਏ ਹਨ ਅਤੇ ਹਰ ਰੋਡ ਤੇ ਰੁੱਖ, ਫੁੱਲ, ਬੁੱਟੇ ਲਗਾ ਕੇ ਵਾਤਾਵਰਨ ਨੂੰ ਬਹੁਤ ਸੋਹਣੇ ਢੰਗ ਨਾਲ ਸਜਾਇਆ ਗਿਆ ਹੈ।

ਦੂਜੀ ਗੱਲ ਇਹ ਕਿ ਉਥੋਂ ਦੇ ਗੁਰਦੁਆਰਾ ਸਾਹਿਬ ਦਾ ਅਨੁਸ਼ਾਸ਼ਨ ਵੀ ਬਹੁਤ ਵਧੀਆ ਹੈ ਉਥੇ ਚੋਣਾਂ ਨਹੀ ਕਰਵਾਈਆ ਜਾਂਦੀਆ, ਇਹ ਉਥੋ ਦਾ ਵਿਧੀ ਵਿਧਾਨ ਹੈ। ਗੁਰਦੁਆਰਾ ਪ੍ਰਬੰਧਕਾਂ ਵਲੋਂ ਪੰਜ ਮੈਂਬਰੀ ਕਮੇਟੀ ਹੁੰਦੀ ਹੈ ਅਤੇ ਦੋ ਸਾਲਾਂ ਬਾਅਦ ਆਪਣੇ ਆਪ ਹੀ ਕਮੇਟੀ ਮੈਂਬਰ ਅਸਤੀਫਾ ਦੇ ਦਿੰਦੇ ਹਨ ਅਤੇ ਦੂਸਰੇ ਮੈਂਬਰ ਐਲਾਨੇ ਜਾਂਦੇ ਹਨ। ਉਥੇ ਵਾਰ ਵਾਰ ਕਮੇਟੀ ਦੇ ਮੈਂਬਰ ਨਹੀ ਬਦਲੇ ਜਾਂਦੇ। ਜਦੋਂਕਿ ਬਾਕੀ ਦੇਸ਼ ਜਿਵੇਂ ਅਮਰੀਕਾ ਕਨੇਡਾ ਵਿਚ ਅਤੇ ਸਾਡੇ ਸ੍ਰੀ ਅੰਮ੍ਰਿਤਸਰ ਸਾਹਿਬ (ਪੰਜਾਬ) ਵਿਚ ਚੋਣਾਂ ਨੂੰ ਲੈ ਕੇ ਮੈਂਬਰੀ ਕਮੇਟੀ ਵਿਚਾਲੇ ਅਕਸਰ ਵਿਵਾਦ ਹੁੰਦਾ ਹੈ, ਕਿਰਪਾਨਾ ਚਲਦੀਆ ਹਨ, ਲੜਾਈ ਝਗੜੇ ਹੁੰਦੇ ਹਨ। ਪਰ ਹੋਲੈਂਡ (ਨੀਦਰਲੈਂਡ) ਵਿਚ ਬਹੁਤ ਸ਼ਾਂਤਮਈ ਢੰਗ ਦੇ ਨਾਲ ਗੁਰਦੁਆਰਾ ਸਾਹਿਬ ਦੇ ਅਨੁਸ਼ਾਸ਼ਨ ਵਿਚ ਰਹਿ ਕੇ ਸੇਵਾ ਕੀਤੀ ਜਾਂਦੀ ਹੈ। ਉਥੇ ਕੋਈ ਈਰਖਾਬਾਜੀ ਨਹੀ ਚਲਦੀ ਅਤੇ ਨਾ ਹੀ ਝਗੜੇ ਹੁੰਦੇ ਹਨ। ਉਥੇ ਬੱਚਿਆ ਨੂੰ ਗੁਰਬਾਣੀ ਨਾਲ ਜੋੜਿਆ ਜਾਂਦਾ ਹੈ ਅਤੇ ਕੀਰਤਨ ਸਿਖਾਇਆ ਜਾਂਦਾ ਹੈ।

ਉਥੋਂ ਦਾ ਵਾਤਾਵਰਨ ਦੀ ਗੱਲ ਕੀਤੀ ਜਾਵੇ ਤਾਂ ਯੂਰਪ ਦੇ ਹੋਲੈਂਡ ਦੇਸ਼ ਦੀ ਸਫਾਈ ਬਹੁਤ ਹੀ ਵਧੀਆ ਹੈ ।ਇਥੇ ਵਸਦੇ ਪੰਜਾਬੀ ਲੋਕ ਇਹਨਾਂ ਦੀ ਬੋਲੀ ਵਿਚ ਮਿਠਾਸ, ਮਿਲਣ ਵਰਤਣ, ਸਹਿਯੋਗ ਕਰਨ ਵਾਲੇ ਅਤੇ ਪੰਜਾਬੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੇ ਪੰਜਾਬੀ ਲੋਕ ਰਹਿੰਦੇ ਹਨ । ਇਹਨਾਂ ਨੇ ਆਪਣੀ ਮਾਂ-ਬੋਲੀ ਪੰਜਾਬੀ ਨੂੰ ਸੰਭਾਲ ਕੇ ਰਖਿਆ ਹੈ। ਜੋ ਕਿ ਇਹ ਸਨਮਾਨ ਦੇ ਹੱਕਦਾਰ ਹਨ ।ਇਥੇ ਹੋਲੈਂਡ (ਨੀਦਰਲੈਂਡ) ਕਮੇਟੀ ਵਿਚ ਮੁੱਖ ਮੈਂਬਰ ਅਜਮੇਰ ਸਿੰਘ ਢਿਲੋਂ, ਸ਼ਮਸ਼ੇਰ ਸਿੰਘ ਗਿੱਲ, ਅੰਮ੍ਰਿਤਪਾਲ ਢਿਲੋਂ, ਹਰਿੰਦਰਪਾਲ ਸਿੰਘ, ਨਿਰਭੈਅ ਸਿੰਘ, ਕੁਲਦੀਪ ਸਿੰਘ, ਅਵਤਾਰ ਸਿੰਘ ਆਦਿ ਇਹਨਾਂ ਲੋਕਾਂ ਨੂੰ ਜਦੋਂ ਮੈਂ ਮਿਲਿਆ ਤਾਂ ਮੈਨੂੰ ਬਹੁਤ ਮਾਨ ਮਹਿਸੂਸ ਹੋਇਆ ਕਿ ਇਹਨਾਂ ਸ੍ਰੀ ਗੁਰਦੁਆਰਾ ਸਾਹਿਬ ਅਤੇ ਆਪਣੀ ਪੰਜਾਬੀਅਤ ਨੂੰ ਬਾਹਰ ਦੇ ਮੁਲਕ ਵਿਚ ਕਿਵੇਂ ਚੰਗੇ ਤਰੀਕੇ ਨਾਲ ਸਾਂਭਿਆ ਅਤੇ ਵਿਕਸਿਤ ਕੀਤਾ ਹੋਇਆ ਹੈ। ਇਹਨਾਂ ਨੇ ਆਪਣੀ ਅਗਲੀ ਪੀੜੀ ਨੂੰ ਆਪਣੇ ਪੰਜਾਬੀ ਸਭਿਆਚਾਰ ਨਾਲ ਜੋੜ ਕੇ ਰਖਿਆ ਹੈ। ਮੇਰਾ ਯੂਰਪ ਦਾ ਦੌਰਾ ਮੈਨੂੰ ਹਮੇਸ਼ਾ ਯਾਦ ਰਹੇਗਾ ਅਤੇ ਮੈਂ ਇਸ ਚੀਜ ਨੂੰ ਲੈ ਕੇ ਵੀ ਬਹੁਤ ਭਾਵੁਕ ਹਾਂ ਕਿ ਪੰਜਾਬ ਦੀ ਵਿਰਾਸਤ ਐਨੀ ਸੋਹਣੀ ਹੈ ਕਿ ਜੇ ਅਸੀ ਇਸ ਵੱਲ ਹੋਰ ਧਿਆਨ ਦਈਏ ਤਾਂ ਸਾਡਾ ਪੰਜਾਬ ਬਾਹਰਲੇ ਮੁਲਕਾਂ ਵਿਚ ਵੀ ਨੰਬਰ ਵਨ ਸੂਬਾ ਬਣ ਜਾਵੇਗਾ।

ਸੋ ਮੈਂ ਆਸ ਕਰਦਾ ਹਾਂ ਕਿ ਯੂਰਪ ਦੇ ਸੱਜਣਾਂ ਨੂੰ ਪੰਜਾਬੀ ਮਾਂ -ਬੋਲੀ ਅਤੇ ਪੰਜਾਬੀ ਸਭਿਆਚਾਰ ਨੂੰ ਸਾਂਭਣ ਅਤੇ ਪੰਜਾਬੀਅਤ ਨੂੰ ਕਾਇਮ ਰੱਖਣ ਲਈ ਮਾਨਯੋਗ ਮੁੱਖ ਮੰਤਰੀ ਸਾਹਿਬ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਐਨ.ਆਰ.ਆਈ. ਪੰਜਾਬੀਆ ਨੂੰ ਸਨਮਾਨਿਤ ਕੀਤਾ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV


# ਜਥੇਬੰਦੀ ਦੇ ਸਾਥੀ ਬਿਕਰਮਜੀਤ ਸਿੰਘ ਗਿੱਲ ਦੇ ਅਚਾਨਕ ਅਕਾਲਾ ਚਲਾਣੇ ਤੇ ਆਗੂਆਂ ਨੇ ਕੀਤਾ ਪਰਿਵਾਰ ਨਾਲ ਦੁੱਖ ਦਾ ਇਜਹਾਰ

ਫ਼ਿਰੋਜ਼ਪੁਰ, 25 ਜੁਲਾਈ (ਮਨੋਹਰ ਲਾਲ):— ਪੰਜਾਬ ਫੋਰੈਸਟ ਪੈਨਸ਼ਨਰਜ ਐਸੋਸੀਏਸ਼ਨ ਦੇ ਸੀਨੀਅਰ ਮੈਬਰ ਬਿਕਰਮਜੀਤ ਸਿੰਘ ਗਿੱਲ ਰਿਟਾਇਰਡ ਰੇਂਜ ਅਫ਼ਸਰ ਦੇ ਅਚਾਨਕ ਅਕਾਲਾ ਚਲਾਣਾ ਕਰ ਜਾਣ ਤੇ ਜਥੇਬੰਦੀ ਵਿਚ ਫੈਲੀ ਸੋਗ ਦੀ ਲਹਿਰ। ਇਸ ਸਬੰਧੀ ਗੱਲਬਾਤ ਕਰਦਿਆਂ ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਨੇ ਦੱਸਿਆ ਕਿ 18 ਜੁਲਾਈ ਨੂੰ ਅਚਾਨਕ ਸ੍ਰੀ ਬਿਕਰਮਜੀਤ ਸਿੰਘ ਗਿੱਲ ਸਵਰਗਵਾਸ ਹੋ ਗਏ ਸਨ, ਜਿਨ੍ਹਾਂ ਦੀ ਅੰਤਿਮ ਅਰਦਾਸ ਗੁਰਦੁਆਰਾ ਰਤਨਸਰ ਸਾਹਿਬ ਪਿੰਡ ਦੁੱਗਾਂ ਜ਼ਿਲ੍ਹਾ ਸੰਗਰੂਰ ਵਿਖੇ ਹੋਵੇਗੀ। ਉਨ੍ਹਾਂ ਦੱਸਿਆ ਕਿ ਬਿਕਰਮਜੀਤ ਸਿੰਘ ਗਿੱਲ ਨਮਿਤ ਰੱਖੀ ਅੰਤਿਮ ਅਰਦਾਸ 27 ਜੁਲਾਈ ਦਿਨ ਐਤਵਾਰ ਨੂੰ 12 ਵਜੇ ਤੋਂ ਇਕ ਵਜੇ ਤੱਕ ਪਾਇਆ ਜਾਵੇਗਾ, ਜਿਥੇ ਉਨ੍ਹਾਂ ਦੇ ਸਾਕ—ਸਬੰਧੀ, ਰਿਸ਼ਤੇਦਾਰ ਅਤੇ ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰ ਤੇ ਮੈਂਬਰ ਪਹੁੰਚ ਕੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰੇਗੀ। ਉਨ੍ਹਾਂ ਕਿਹਾ ਕਿ ਪਰਿਵਾਰ ਨਾਲ ਜਥੇਬੰਦੀ ਹਮਦਰਦੀ ਜ਼ਾਹਿਰ ਕਰਦੀ ਹੈ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਇਸ ਮੌਕੇ ਬਲਵਿੰਦਰ ਸਿੰਘ ਸੰਧੂ ਸੂਬਾ ਪ੍ਰਧਾਨ, ਰਣਧੀਰ ਸਿੰਘ ਚੇਅਰਮੈਨ, ਜਗਦੀਪ ਸਿੰਘ ਢਿੱਲੋਂ ਸਰਪ੍ਰਸਤ, ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ, ਭਜਨ ਸਿੰਘ ਸੰਗਰੂਰ, ਪਵਨ ਕੁਮਾਰ ਪੁਰੀ, ਰਸ਼ਪਾਲ ਸਿੰਘ ਬਠਿੰਡਾ, ਮਧੂ ਭੂਸ਼ਣ ਸਰਕਲ ਪ੍ਰਧਾਨ ਫ਼ਿਰੋਜ਼ਪੁਰ, ਮਲਕੀਤ ਸਿੰਘ ਸ੍ਰੀ ਆਨੰਦਪੁਰ ਸਾਹਿਬ, ਮਨਜੀਤ ਸਿੰਘ ਖਰੜ, ਮਨੋਜ਼ ਕੁਮਾਰ ਖਜਾਨਚੀ, ਸਤਪਾਲ ਸਿੰਘ ਜਲੰਧਰ, ਦਰਸ਼ਨ ਸਿੰਘ ਜਲੰਧਰ, ਸਤਵੰਤ ਸਿੰਘ ਮੋਹਾਲੀ, ਗੁਰਜੰਗ ਸਿੰਘ ਜੈਤੋ, ਸੁਖਦਰਸ਼ਨ ਸਿੰਘ ਬਾਜਾਪਾਨਾ, ਭਰਪੂਰ ਸਿੰਘ, ਬਲਵਿੰਦਰ ਕੁਮਾਰ ਹੁਸ਼ਿਆਰਪੁਰ, ਭੁਪਿੰਦਰ ਸਿੰਘ ਰਿਟਾਇਰਡ ਰੇਂਜ ਅਫਸਰ, ਮੁਹਿੰਦਰ ਸਿੰਘ ਮੀਤ, ਪਿਰਥੀ ਰਾਜ ਆਦਿ ਨੇ ਦੁੱਖ ਪ੍ਰਗਟ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

## ★ ਸਬਰ ★



ਅਸੀਂ ਦਰਦ ਹੰਢਾਏ ਸੀਨੇ ਵਿੱਚ
ਜੋ ਸੱਲ ਸ਼ਰੀਕਾਂ ਕੀਤੇ ਸੀ
ਓਨਾ ਰੱਜ ਕੇ ਸਾਨੂੰ ਖੁਆਰ ਕੀਤਾ
ਅਸਾਂ ਘੁੱਟ ਸਬਰ ਦੇ ਪੀਤੇ ਸੀ

ਸਾਡੇ ਦਿਲ ਤੇ ਮਾਰੇ ਖੰਜ਼ਰ ਜੋ
ਓਨਾ ਤਿੱਖੇ ਬਹੁਤ ਓ ਕੀਤੇ ਸੀ
ਹੁਣ ਕਸਰ ਕੋਈ ਨਾ ਛੱਡੀ ਸੀ
ਸਾਡੇ ਬੁੱਲ ਜ਼ਬਰ ਨਾਲ ਸੀਤੇ ਸੀ

ਓਨਾ ਰਾਹ ਵਿੱਚ ਸਾਡੇ ਕੱਚ ਸਿੱਟਿਆ
ਅਸੀਂ ਰੂਹ ਤੱਕ ਜਖਮੀ ਹੋ ਗਏ ਸੀ
ਉਹਦੇ ਦਿਲ ਦੀਆਂ ਦਿਲ ਵਿੱਚ ਰਹਿ ਗਈਆਂ
ਅਸੀਂ ਲੰਘੇ ਜਖ਼ਮ ਲੁਕੋ ਕੇ ਸੀ

ਸਾਨੂੰ ਖੂਹ ਵਿੱਚ ਧੱਕਾ ਦੇਣ ਲਗੇ
ਜਦ ਮੌਣ ਤੋਂ ਪਿੱਛੇ ਹੋ ਕੇ ਸੀ
ਪਰ ਦੇਖ ਕੇ ਉਹੋ ਖੂਹ ਖਾਲੀ
ਫੇਰ ਪਿੱਛੇ ਮੁੜਦੇ ਹੋ ਗਏ ਸੀ

ਸਾਰੀ ਉਮਰ ਨਾ ਓਨਾ ਭਲੀ ਕੀਤੀ
ਅਸੀਂ ਜਰ ਲੈਂਦੇ ਚੁੱਪ ਹੋ ਕੇ ਸੀ
ਸਾਡੀ ਚੁੱਪ ਹੀ ਇੱਕ ਹਥਿਆਰ ਬਣੀ
ਓਹ ਭੁੱਬਾਂ ਮਾਰ ਕੇ ਰੋ ਪਏ ਸੀ


ਸਾਡਾ ਪਰਛਾਂਵਾ ਵੀ ਤੱਕ ਕੇ ਜੋ
ਕਦੇ ਮਾਰ ਖੰਗੂਰੇ ਲੰਘਦੇ ਸੀ
ਇੱਕ ਬੁੱਢੇ ਪਿੱਪਲ਼ ਦੇ ਥੱਲੇ
ਹੁਣ ਮੰਜੇ ਕੱਠੇ ਡਹਿੰਦੇ ਸੀ

-ਲੇਖਕ ਚਰਨ ਸਿੰਘ ਭਦੌੜ

ਆਵਾਜ਼ਿ ਕੌਮ AWAZE QAUM International Newspaper & WEB TV

# ਮਨੁੱਖ ਆਪਣੇ ਧੀਆਂ ਪੁੱਤਰਾਂ ਵਾਂਗ ਰੁੱਖਾਂ ਦਾ ਵੀ ਪਾਲਣ ਪੋਸ਼ਣ ਕਰੇ ਜਿੰਨ੍ਹਾ ਤੋਂ ਸਾਨੂੰ ਆਕਸੀਜਨ ਮਿਲਦੀ ਹੈ : ਸਮਾਜ ਸੇਵੀ ਪ੍ਰਧਾਨ ਚਰਨ ਸਿੰਘ

### ਵੱਧ ਤੋਂ ਵੱਧ ਰੁੱਖ ਲਾਵਾਂਗੇ ਤਾਂ ਆਕਸੀਜਨ ਦੇ ਨਾਲ-ਨਾਲ ਅੰਮ੍ਰਿਤ ਵੇਲੇ ਰੁੱਖਾਂ ਤੇ ਪੰਛੀਆਂ ਦੀਆਂ ਮਿੱਠੀਆਂ ਅਵਾਜ਼ਾਂ ਵੀ ਸੁਣਨ ਲਈ ਵੀ ਮਿਲਣਗੀਆਂ



ਮੋਗਾ - (ਵਰਿਆਮ ਹਠੂਰ)-ਰੁੱਖ ਹਨ ਤਾਂ ਮਨੁੱਖ ਹਨ। ਸਾਨੂੰ ਵਾਤਾਵਰਨ ਨੂੰ ਸਾਫ ਸੁਥਰਾ ਅਤੇ ਹਰਾ ਭਰਾ ਰੱਖਣ ਲਈ ਵੱਧ ਤੋਂ ਵੱਧ ਸਮੇਂ ਸਮੇਂ ਨਾਲ ਰੁੱਖ ਲਗਾ ਕੇ ਉਨ੍ਹਾਂ ਦਾ ਆਪਣੇ ਧੀਆਂ ਪੁੱਤਰਾਂ ਵਾਂਗ ਪਾਲਣ ਪੋਸ਼ਣ ਕਰਨਾ ਚਾਹੀਦਾ ਹੈ। ਕਿਉਂਕਿ ਰੁੱਖ ਜਿੱਥੇ ਸਾਨੂੰ ਆਕਸੀਜਨ ਦਿੰਦੇ ਹਨ ਉੱਥੇ ਸਾਨੂੰ ਮੌਸਮ ਅਨੁਸਾਰ ਠੰਡੀਆਂ ਛਾਵਾਂ ਵੀ ਦਿੰਦੇ ਹਨ। ਤੇ ਪਸ਼ੂ ਪੰਛੀਆਂ ਲਈ ਵੀ ਵੱਡਾ ਸਹਾਰਾ ਹਨ ਰੁੱਖ। ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਵੱਲ ਜਾ ਰਿਹਾ ਹੈ ਜਿਸ ਨੂੰ ਰੋਕਣ ਲਈ ਤੇ ਸੁੱਧ ਵਾਤਾਵਰਨ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਜੋ ਸਮੇਂ ਦੀ ਮੁੱਖ ਲੋੜ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ (ਮੋਗਾ) ਦੀ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸਮਾਜ ਸੇਵੀ ਸ: ਚਰਨ ਸਿੰਘ ਨੇ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਕੁਦਰਤੀ ਆਕਸੀਜਨ ਸਾਨੂੰ ਰੁੱਖਾਂ ਦੁਆਰਾ ਮਿਲਦੀ ਹੈ। ਵਾਤਾਵਰਨ ਦੀ ਸ਼ੁੱਧਤਾ ਅਤੇ ਪਾਣੀ ਨੂੰ ਬਚਾਉਣ ਲਈ ਸਾਨੂੰ ਹੰਭਲਾ ਮਾਰਨ ਦੀ ਲੋੜ ਹੈ। ਬੇਸ਼ੱਕ ਬਹੁਤ ਸਾਰੀਆਂ ਕਲੱਬਾਂ, ਵਾਤਾਵਰਨ ਪ੍ਰੇਮੀ, ਅਤੇ ਹੋਰ ਟੀਮਾਂ ਰੁੱਖਾਂ ਨੂੰ ਲਗਾਉਣ ਲਈ ਸਮੇਂ ਸਮੇਂ ਨਾਲ ਆਪਣਾ ਬਣਦਾ ਅਹਿਮ ਰੋਲ ਅਦਾ ਕਰਦੀਆਂ ਹਨ। ਪਰ ਹਰ ਇਨਸਾਨ ਨੂੰ ਰੁੱਖ ਲਗਾਉਣ ਲਈ ਆਪਣੀ ਬਣਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਪੰਜਾਬ ਦੇ ਗੰਧਲੇ ਹੋ ਰਹੇ ਪਾਣੀਆਂ ਨੂੰ ਬਚਾਉਣ ਲਈ ਅਤੇ ਵਾਤਾਵਰਨ ਦੀ ਸੰਭਾਲ ਲਈ ਸਾਨੂੰ ਸਿਰਤੋੜ ਯਤਨ ਕਰਨੇ ਚਾਹੀਦੇ ਹਨ। ਤਾਂ ਜੋ ਅਸੀਂ ਆਪਣੇ ਬੱਚਿਆਂ ਅਤੇ ਆਉਣ ਵਾਲੀ ਪੀੜ੍ਹੀ ਨੂੰ ਸੁੱਧ ਹਵਾਵਾਂ ਅਤੇ ਅੱਛਾ ਵਾਤਾਵਰਨ ਦੇ ਸਕੀਏ, ਜੇ ਬਹੁ ਗਿਣਤੀ ਪੰਜਾਬ ਵਿੱਚ ਦਰੱਖਤ ਹੋਣਗੇ ਤਾਂ ਹਵਾਵਾਂ ਵੀ ਸ਼ੁੱਧ ਹੋਣਗੀਆਂ ਤੇ ਵਾਤਾਵਰਨ ਵੀ ਹਰਿਆ ਭਰਿਆ ਹੋਵੇਗਾ, ਜਿਸ ਨਾਲ ਬਹੁਤੀਆਂ ਬਿਮਾਰੀਆਂ ਖੁਦ ਹੀ ਖਤਮ ਹੋ ਜਾਣਗੀਆਂ, ਤੇ ਅੰਮ੍ਰਿਤ ਵੇਲੇ ਰੁੱਖਾਂ ਤੇ ਪੰਛੀਆਂ ਦੀਆਂ ਮਿੱਠੀਆਂ ਅਵਾਜ਼ਾਂ ਸੁਣਨ ਲਈ ਮਿਲਣਗੀਆਂ, ਅੰਤ ਵਿੱਚ ਸਮਾਜ ਸੇਵੀ ਪ੍ਰਧਾਨ ਸ: ਚਰਨ ਸਿੰਘ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਪੰਜਾਬ ਵਿੱਚ ਸਮੇਂ ਸਮੇਂ ਅਨੁਸਾਰ ਰੁੱਖ ਲਗਾਉਣ ਲਈ ਆਪਣਾ ਅਹਿਮ ਰੋਲ ਅਦਾ ਕਰਨਾ ਚਾਹੀਦਾ ਹੈ। ਤਾਂ ਜੋ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਅੱਛਾ ਤੇ ਸ਼ੁੱਧ ਵਾਤਾਵਰਨ ਦੇ ਸਕੀਏ ਨਹੀਂ ਤਾਂ ਆਉਣ ਵਾਲੀ ਪੀੜ੍ਹੀ ਸਾਨੂੰ ਕਦੇ ਮੁਆਫ਼ ਨਹੀਂ ਕਰੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਮੌਸਮ ਨੂੰ ਦੇਖਦਿਆਂ ਬੂਟਿਆਂ ਦਾ ਲੰਗਰ ਲਗਾਇਆ

ਫ਼ਿਰੋਜ਼ਪੁਰ, 25 ਜੁਲਾਈ (ਮਨੋਹਰ ਲਾਲ) :— ਗੁਰਮਤਿ ਪ੍ਰਚਾਰ ਜਥਾ ਮੱਲਾਂਵਾਲਾ ਅਤੇ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸੰਸਥਾ ਵੱਲੋਂ ਪਵਣ ਗੁਰੂ ਪਾਣੀ ਪਿਤਾ ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਅਤੇ ਬਰਸਾਤੀ ਮੌਸਮ ਦਾ ਲਾਭ ਲੈਣ ਲਈ ਮੱਲਾਂਵਾਲਾ ਵਿਖੇ ਬੂਟਿਆਂ ਦਾ ਲੰਗਰ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਸੰਸਥਾ ਵੱਲੋਂ ਬੂਟਿਆਂ ਦੇ ਲਾਏ ਲੰਗਰ ਵਿਚ ਅੰਬ, ਅਮਰਅਰਮ ਜਾਮਣ, ਬੋਹੜ, ਪਿੱਪਲ, ਪਿਲਕਣ, ਸਹੁੰਜਣਾ, ਸਰੀਂਹ, ਅਰਜਨ, ਧਰੇਕ, ਬਹੇੜਾ ਆਦਿ ਬੂਟੇ ਵੰਡੇ ਜਾਣਗੇ। ਉਨ੍ਹਾਂ ਦੱਸਿਆ ਕਿ ਬੂਟੇ ਲੈਣ ਵਾਲਿਆਂ ਦਾ ਨਾਮ—ਪਤਾ ਰਜਿਸਟਰਡ ਕੀਤਾ ਜਾ ਰਿਹਾ ਹੈ। ਇਸ ਮੌਕੇ ਭਾਈ ਬਲਕਾਰ ਸਿੰਘ ਇਲਮੇਵਾਲਾ, ਕੁਲਦੀਪ ਸਿੰਘ ਮੁੱਦ ਵਸਤੀ, ਗੁਰਜੰਟ ਸਿੰਘ ਕਾਲੂਵਾਲਾ, ਗੁਰਦੀਪ ਸਿੰਘ ਬੱਗੂ ਵਾਲਾ, ਡਾ: ਬਲਜਿੰਦਰ ਸਿੰਘ ਅਤੇ ਨਗਰ ਪੰਚਾਇਤ ਕਮੇਟੀ ਵੱਲੋਂ ਬੱਗਾ ਜੀ, ਤੀਰਥ ਅਤੇ ਗੁਰਜੀਤ ਸਿੰਘ ਨੇ ਸਹਿਯੋਗ ਦਿੱਤਾ। ਆਗੂਆਂ ਨੇ ਦੱਸਿਆ ਕਿ ਬੂਟਿਆਂ ਦਾ ਲੰਗਰ ਨਾਨਕਸਰ ਕਰਿਆਨਾ ਸਟੋਰ ਸਾਹਮਣੇ ਰਮਨਦੀਪ ਸਿੰਘ ਹਸਪਤਾਲ ਵਿਖੇ ਚੱਲ ਰਿਹਾ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

### ਜਸਕਰਨ ਸਿੰਘ ਕਾਹਨ ਸਿੰਘ ਵਾਲਾ ਦਾ

# ਭਾਈ ਅਤਲਾ ਨੇ ਸਾਥੀਆਂ ਸਮੇਤ ਮੁਲਾਕਾਤ ਕਰਕੇ ਜਾਣਿਆ ਹਾਲ

ਫ਼ਿਰੋਜ਼ਪੁਰ, 25 ਜੁਲਾਈ (ਮਨੋਹਰ ਲਾਲ) :— ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਅਤੇ ਕੌਮੀ ਜਰਨੈਲ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਬੀਮਾਰ ਚੱਲ ਰਹੇ ਹਨ ਜਿਨਾਂ ਦਾ ਅਪਰੇਸ਼ਨ ਜਲੰਧਰ ਦੇ ਹਸਪਤਾਲ ਵਿੱਚ ਹੋਇਆ ਅਤੇ ਉਹ ਹੁਣ ਆਈ.ਸੀ.ਯੂ ਵਿੱਚ ਦਾਖਲ ਹਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਬਿਮਾਰ ਚਲੇ ਆ ਰਹੇ ਸਾਥੀ ਜਸਕਰਨ ਸਿੰਘ ਦਾ ਹਾਲ—ਚਾਲ ਜਾਨਣ ਲਈ ਸਾਥੀਆਂ ਦਾ ਇਕ ਜਥਾ ਹਸਪਤਾਲ ਪੁੱਜਿਆ। ਇਸ ਮੌਕੇ ਸ਼ਹੀਦ ਬਾਬਾ ਦੀਪ ਸਿੰਘ ਜੀ ਸੇਵਾ ਦਲ ਦੇ ਮੁੱਖ ਸੇਵਾਦਾਰ ਭਾਈ ਸੁਖਚੈਨ ਸਿੰਘ ਅਤਲਾ ਨੇ ਜਲੰਧਰ ਹਸਪਤਾਲ ਵਿਖੇ ਜਾ ਕੇ ਕਾਹਨ ਸਿੰਘ ਵਾਲਾ ਨਾਲ ਮੁਲਾਕਾਤ ਕਰ ਉਨ੍ਹਾਂ ਦਾ ਹਾਲ ਚਾਲ ਜਾਣਿਆ ਅਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਸ ਕੌਮੀ ਜਰਨੈਲ ਨੂੰ ਵਾਹਿਗੁਰੂ ਜਲਦੀ ਤੋਂ ਜਲਦੀ ਤੰਦਰੁਸਤ ਕਰੇ ਤਾਂ ਜੋ ਕਾਹਨ ਸਿੰਘ ਵਾਲਾ ਕੌਮ ਦੀ ਸੇਵਾ ਦੁਬਾਰਾ ਕਰ ਸਕਣ। ਇਸ ਮੌਕੇ ਗੱਲਬਾਤ ਕਰਦਿਆਂ ਭਾਈ ਅਤਲਾ ਨੇ ਆਖਿਆ ਕੇ ਜਸਕਰਨ ਸਿੰਘ ਕਾਰਨ ਸਿੰਘ ਵਾਲਾ ਜਿਨ੍ਹਾਂ ਨੇ ਭਾਈ ਗੁਰਦੇਵ ਸਿੰਘ ਕਾਉਂਕੇ ਸਮੇਤ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਆਜ਼ਾਦੀ ਦੇ ਸੰਘਰਸ਼ ਵਿੱਚ ਲੰਮਾ ਸਮਾਂ ਤਸ਼ੱਦਦ ਹੰਡਾਇਆ। ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਬਰਗਾੜੀ ਬੇਅਦਬੀ ਵਿਰੁੱਧ ਮੋਰਚਾ, ਕਿਸਾਨੀ ਮੋਰਚਾ ਪੰਥ ਪੰਜਾਬ ਪੰਜਾਬੀਅਤ ਲਈ ਲੰਮੇ ਸਮੇਂ ਤੋਂ ਸ਼ੰਘਰਸ਼ ਕਰ ਰਹੇ ਹਨ, ਜਿਨਾਂ ਨੇ ਕੌਮ ਦੀ ਖਾਤਰ ਆਪਣਾ ਸਾਰਾ ਜੀਵਨ ਕੌਮ ਦੇ ਲੇਖੇ ਲਾ ਦਿੱਤਾ ਅਤੇ ਆਪਣਾ ਬਹੁਤ ਭਾਰੀ ਨਿੱਜੀ ਆਰਥਿਕ ਨੁਕਸਾਨ ਕਰਵਾ ਲਿਆ, ਪੰਥ ਪੰਜਾਬ ਪੰਜਾਬੀਅਤ ਨੌਜਵਾਨੀ ਪੁੱਤ—ਪੱਤ ਦੀ ਖਾਤਰ ਦਿਨ—ਰਾਤ ਸੰਘਰਸ਼ ਕੀਤਾ, ਕਈ—ਕਈ ਮਹੀਨੇ ਆਪਣੇ ਘਰ ਨਹੀਂ ਗਏ ਹੱਕ ਲੈਣ ਲਈ ਦਿਨ—ਰਾਤ ਸੜਕਾਂ ਤੇ ਗੁਜ਼ਾਰੇ, ਜੇਲਾਂ ਕੱਟੀਆਂ ਪਰ ਹਾਰ ਨਹੀਂ ਮੰਨੀ, ਸਰਕਾਰਾਂ ਨੇ ਕਈ ਵਾਰ ਉਨਾਂ ਤੇ ਤਸ਼ੱਦਦ ਕੀਤੇ ਪਰ ਸਰਕਾਰਾਂ ਦੀ ਈਨ ਨਹੀਂ ਮੰਨੀ। ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਕਾਹਨ ਸਿੰਘ ਵਾਲਾ ਕਈ ਗੰਭੀਰ ਬਿਮਾਰੀਆਂ ਤੋਂ ਪੀੜਤ ਹਨ ਪਰ ਪੰਥ ਪੰਜਾਬ ਦੇ ਭਲੇ ਦੇ ਲਈ ਹਮੇਸ਼ਾ ਹੀ ਸੰਘਰਸ਼ ਕਰਦੇ ਆ ਰਹੇ ਹਨ। ਪਿਛਲੇ ਦਿਨੀ ਕਾਹਨ ਸਿੰਘ ਵਾਲਾ ਕਾਫੀ ਬੀਮਾਰ ਹੋ ਗਏ ਸਨ ਜਿਨ੍ਹਾਂ ਦਾ ਜਲੰਧਰ ਦੇ ਹਸਪਤਾਲ ਵਿਖੇ ਆਪਰੇਸ਼ਨ ਹੋਇਆ ਅਤੇ ਉਹ ਆਈ.ਸੀ.ਯੂ ਵਿੱਚ ਦਾਖਲ ਹਨ। ਉਨ੍ਹਾਂ ਦਾ ਹਾਲ ਚਾਲ ਪੁਛਣ ਅਮ੍ਰਿਤਪਾਲ ਸਿੰਘ ਸਿੱਧੂ ਲੋਂਗੋਵਾਲ, ਬਿਕਰਮਜੀਤ ਸਿੰਘ ਰਾਓ ਲੋਂਗੋਵਾਲ ਵਿਸ਼ੇਸ਼ ਤੌਰ ਤੇ ਮੇਰੇ ਨਾਲ ਪਹੁੰਚੇ ਅਤੇ ਅਸੀਂ ਸਾਰਿਆਂ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਾਹਿਗੁਰੂ ਉਨ੍ਹਾਂ ਨੂੰ ਜਲਦ ਤੰਦਰੁਸਤ ਕਰਨ ਤਾਂ ਜੋ ਉਹ ਪਹਿਲਾਂ ਦੀ ਤਰ੍ਹਾਂ ਕੌਮ ਦੀ ਸੇਵਾ ਕਰ ਸਕਣ।



### ਡੇਂਗੂ ਤੋਂ ਬਚਣ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਕੀਤੇ ਵੀ

# ਪਾਣੀ ਇਕੱਠਾ ਨਾ ਹੋਣ ਦਿਓ: ਸਿਵਲ ਸਰਜਨ ਡਾਕਟਰ ਕਿਰਨਦੀਪ ਕੌਰ



**ਚੌਕ ਮਹਿਤਾ,25 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਮਾਨਯੋਗ ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਅੰਮ੍ਰਿਤਸਰ ਡਾ ਕਿਰਨਦੀਪ ਕੌਰ ਵੱਲੋਂ ਹਰ ਸ਼ੁਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿੱਚ ਡੇਂਗੂ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸੇ ਮੁਹਿੰਮ ਤਹਿਤ ਕੰਪਨੀ ਬਾਗ ਵਿਖੇ ਸਥਿਤ ਕਲੱਬਾਂ ਵਿੱਚ ਅਤੇ ਅਜਾਇਬ ਘਰਾਂ ਦੇ ਨਜ਼ਦੀਕ ਸਾਰੇ ਇਲਾਕਿਆਂ ਵਿੱਚ ਐਂਟੀ ਲਾਰਵਾ ਗਤੀਵਿਧੀਆਂ ਕਰਵਾਈਆਂ ਗਈਆਂ ਅਤੇ ਆਮ ਨਾਗਰਿਕਾਂ ਨੂੰ ਡੇਂਗੂ ਚਿਕਨਗੁਣੀ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਉਪਰੰਤ ਉਹਨਾਂ ਵੱਲੋਂ ਵੱਖ ਵੱਖ ਥਾਵਾਂ ਦੀ ਜਾਂਚ ਕੀਤੀ ਗਈ ਅਤੇ ਡੇਂਗੂ ਤੇ ਚਿਕਨ ਗੁਣੀਆਂ ਦੇ ਲਾਰਵੇ ਦੀ ਭਾਲ ਕੀਤੀ ਗਈ ਅਤੇ ਮੌਕੇ ਤੇ ਮਿਲਿਆ ਲਾਰਵਾ ਨਸ਼ਟ ਕੀਤਾ ਗਿਆ।

ਇਸ ਅਵਸਰ ਤੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਕਿਹਾ ਕਿ ਬਰਸਾਤ ਦੇ ਮੌਸਮ ਵਿਚ ਬਹੁਤ ਸਾਰੀਆਂ ਥਾਵਾਂ ਤੇ ਪਾਣੀ ਦਾ ਇੱਕਠਾ ਹੋਣਾਂ ਸੁਭਾਵਿਕ ਹੀ ਹੈ, ਪਰ ਇਸਦੇ ਨਾਲ ਹੀ ਜਿਥੇ ਪਾਣੀ ਇੱਕਠਾ ਹੋਵੇਗਾ ਉਥੇ ਮੱਛਰ ਦੀ ਪੈਦਾਵਾਰ ਵੀ ਹੋਵੇਗੀ, ਇਸ ਲਈ ਸਾਡੀ ਸਾਰਿਆਂ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਮੱਛਰ ਦੀ ਪੈਦਾਵਰ ਨੂੰ ਰੋਕਣ ਲਈ ਸਿਹਤ ਵਿਭਾਗ ਦਾ ਸਹਿਯੋਗ ਕਰੀਏ ਅਤੇ ਕਿਤੇ ਵੀ ਪਾਣੀ ਇੱਕਠਾ ਨਾਂ ਹੋਣ ਦਈਏ, ਕਿਓਂਕਿ ਡੇਂਗੂ ਤੋ ਬਚਣ ਲਈ ਸਭ ਤੋ ਜਿਆਦਾ ਜਰੂਰੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਹੀ ਰੋਕਿਆ ਜਾਵੇ। ਇਸ ਦੇ ਨਾਲ ਹੀ ਪੂਰੀ ਬਾਹਵਾਂ ਤੇ ਕੱਪੜੇ ਪਹਿਨੇ ਜਾਣ ਅਤੇ ਮੱਛਰ ਭਜਾਉਣ ਵਾਲੀਆ ਕਰੀਮਾਂ ਆਦੀ ਦਾ ਇਸਤੇਮਾਲ ਵੀ ਸਾਨੂੰ ਡੇਗੂ ਤੋ ਬਚਾ ਸਕਦਾ ਹੈ। ਉਹਨਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਸ਼ਹਿਰ ਦੇ ਸਾਰੇ ਹੋਟ ਸਪੋਟ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਐਂਟੀ ਲਾਰਵਾ ਗਤੀਵਿਧੀਆਂ ਰਹੀਆਂ ਹਨ।

ਇਸ ਸੰਬਧੀ ਹੋਰ ਜਾਣਕਾਰੀ ਦਿੰਦਿਆ ਜਿਲ੍ਹਾ ਐਪੀਡਿਮੋਲੋਜਿਸਟ ਡਾ ਹਰਜੋਤ ਕੌਰ ਨੇ ਕਿਹਾ ਕਿ ਨੇ ਕਿਹਾ ਕਿ ਡੇਂਗੂ ਇੱਕ ਵਾਇਰਲ ਬੁਖਾਰ ਹੈ ਜੋ ਕਿ ਏਡੀਜ ਅਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਸਾਫ ਪਾਣੀ ਵਿੱਚ ਅੰਡੇ ਦਿੰਦਾ ਹੈ ਜੋ ਕਿ ਇੱਕ ਹਫਤੇ ਦੇ ਦੌਰਾਨ ਅੰਡੇ ਤੋਂ ਲਾਰਵਾ ਅਤੇ ਲਾਰਵੇ ਤੋਂ ਅਡਲਟ ਮੱਛਰ ਬਣ ਜਾਂਦਾ ਹੈ। ਇਸ ਲਈ ਹਫਤੇ ਦੇ ਹਰੇਕ ਸ਼ੁਕਰਵਾਰ ਡੇਂਗੂ ਦੇ ਵਾਰ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਮੱਛਰ ਦਾ ਲਾਈਵ ਸਾਈਕਲ ਤੋੜਿਆ ਜਾ ਸਕੇ ਅਤੇ ਲਾਰਵਾ ਸਟੇਜ ਤੇ ਹੀ ਉਸਨੂੰ ਖਤਮ ਕੀਤਾ ਜਾ ਸਕੇ ਇਸ ਮੌਕੇ ਤੇ ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ ਨੇ ਆਮ ਲੋਕਾਂ ਨੂੰ ਜਾਗਰੂਕ ਕਰਦਿਆਂ ਹੋਇਆਂ ਦੱਸਿਆ ਕਿ ਡੇਂਗੂ ਦੇ ਆਮ ਲੱਛਣ ਤੇਜ ਸਿਰ-ਦਰਦ ਅਤੇ ਤੇਜ ਬੁਖਾਰ, ਮਾਸ ਪੇਸ਼ੀਆ ਅਤੇ ਜੋੜਾਂ ਦਾ ਦਰਦ, ਅੱਖਾ ਦੇ ਪਿਛਲੇ ਹਿੱਸੇ ਦਰਦ, ਉਲਟੀਆਂ, ਨੱਕ-ਮੂੰਹ ਅਤੇ ਮਸੂੜਿਆਂ ਵਿੱਚੋ ਖੂਨ ਵਗਣਾ ਆਦੀ ਹੈ। ਇਸ ਲਈ ਡੇਂਗੂ ਬੁਖਾਰ ਦੇ ਸ਼ੱਕ ਹੋਣ ਦੀ ਸੂਰਤ ਵਿੱਚ ਤੁਰੰਤ ਸਰਕਾਰੀ ਹਸਪਤਾਲ ਤੋ ਫਰੀ ਚੈਕਅੱਪ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ ਇਸ ਮੌਕੇ ਤੇ ਐਸ ਆਈ ਸੁਖਦੇਵ ਸਿੰਘ, ਬਲਵਿੰਦਰ ਸਿੰਘ, ਹਰਵਿੰਦਰ ਸਿੰਘ, ਹਰਮੀਤ ਸਿੰਘ, ਕੁਲਦੀਪ ਸਿੰਘ, ਗੁਰਪਾਲ ਸਿੰਘ, ਰਸਪਾਲ ਸਿੰਘ ਸਮੇਤ ਸਮੂਹ ਆਸ਼ਾ ਵਰਕਰਾਂ ਅਤੇ ਸਰਕਾਰੀ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਸ਼ਾਮਲ ਹੋਏ।

# ਸੀਨੀਅਰ ਸਿਟੀਜਨ ਫੋਰਮ ਦੀ 27 ਜੁਲਾਈ ਨੂੰ ਹੋਵੇਗੀ ਮੀਟਿੰਗ—ਧਾਲੀਵਾਲ

ਫ਼ਿਰੋਜ਼ਪੁਰ, 25 ਜੁਲਾਈ (ਮਨੋਹਰ ਲਾਲ):— ਸੀਨੀਅਰ ਸਿਟੀਜਨ ਫੋਰਮ ਫ਼ਿਰੋਜ਼ਪੁਰ ਕਮੇਟੀ ਦੀ ਮੀਟਿੰਗ 27 ਜੁਲਾਈ ਨੂੰ ਰਾਮ ਬਾਗ ਬਿਰਧ ਆਸ਼ਰਮ ਫ਼ਿਰੋਜ਼ਪੁਰ ਛਾਉਣੀ ਵਿਖੇ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜਨਰਲ ਸਕੱਤਰ ਮੁਹਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਸ ਮੀਟਿੰਗ ਦੀ ਪ੍ਰਧਾਨਗੀ ਪਰਦੀਪ ਧਵਨ ਵੱਲੋਂ ਕੀਤੀ ਜਾਵੇਗੀ, ਜਿਸ ਵਿਚ 20 ਜੁਲਾਈ ਨੂੰ ਕਾਰਜਕਾਰਨੀ ਦੀ ਹੋਈ ਮੀਟਿੰਗ ਦੌਰਾਨ ਹੋਈਆਂ ਵਿਚਾਰਾਂ ਤੇ ਸਮੀਖਿਆ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਦੌਰਾਨ ਵਾਤਾਵਰਣ ਸੁਧਾਰਨ ਲਈ ਪੌਦੇ ਲਾਉਣ ਬਾਰੇ, ਬੇਸਹਾਰਾ ਪਸ਼ੂਆਂ ਤੇ ਕੁੱਤਿਆਂ ਦੀ ਸੰਭਾਲ ਲਈ ਪ੍ਰਸ਼ਾਸਨ ਨਾਲ ਮੀਟਿੰਗ ਕਰਕੇ ਸਮਾਧਾਨ ਕਰਨ, ਸੜਕਾਂ ਤੇ ਪਏ ਟੋਏ, ਸੀਵਰੇਜ਼ ਸਿਸਟਮ ਠੀਕ ਕਰਨ, ਮੈਂਬਰਸ਼ਿਪ ਵਧਾਉਣ, ਸਬ ਕਮੇਟੀਆਂ ਨੂੰ ਕਾਮਯਾਬ ਕਰਨ, ਲੋਕਾਂ ਨੂੰ ਜਨਤਕ ਮਸਲਿਆਂ ਬਾਰੇ ਜਾਗਰੂਕ ਕਰਨ ਸਬੰਧੀ ਵਿਚਾਰਾਂ ਕੀਤੀਆਂ ਜਾਣਗੀਆਂ ਅਤੇ ਇਸ ਮੀਟਿੰਗ ਵਿਚ ਰੇਲਵੇ ਅਧਿਕਾਰੀਆਂ ਨੂੰ ਮਿਲਣ ਲਈ ਸਮਾਂ ਵੀ ਤਹਿ ਕੀਤਾ ਜਾਵੇਗਾ।

# ਫ਼ਿਰੋਜ਼ਪੁਰ 'ਚ ਸ਼੍ਰੋਮਣੀ ਅਕਾਲੀ ਦਲ ਦੀ ਡੈਲੀਗੇਟ ਮੀਟਿੰਗ: ਪੰਥਕ ਪੁਨਰ-ਸੁਰਜੀਤੀ ਦੀ ਨਵੀਂ ਪਹਿਲਕਦਮੀ








**ਫਿਰੋਜ਼ਪੁਰ 25 ਜੁਲਾਈ (ਮਨੋਹਰ ਲਾਲ)**-ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਡੈਲੀਗੇਟਾਂ ਦੀ ਇੱਕ ਅਹਿਮ ਮੀਟਿੰਗ ਹੋਈ, ਜੋ ਪੰਥਕ ਸਿਆਸਤ ਵਿੱਚ ਨਵੀਂ ਅਗਵਾਈ ਅਤੇ ਪਾਰਟੀ ਨੂੰ ਮੁੜ ਸੁਰਜੀਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਹ ਮੀਟਿੰਗ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨਾਂ ਵੱਲੋਂ ਜਾਰੀ ਕੀਤੇ ਗੁਪਤ ਹੁਕਮਨਾਮੇ ਦੇ ਸਿੱਧੇ ਪ੍ਰਭਾਵ ਵਜੋਂ ਹੋਈ, ਜਿਸ ਵਿੱਚ ਸਿੱਖ ਕੌਮ ਦੀ ਪੁਰਾਣੀ ਲੀਡਰਸ਼ਿਪ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਗਏ ਸਨ। ਸਿੰਘ ਸਾਹਿਬਾਨਾਂ ਨੇ ਸਪੱਸ਼ਟ ਕੀਤਾ ਸੀ ਕਿ ਪੁਰਾਣੀ ਲੀਡਰਸ਼ਿਪ ਆਪਣੇ ਕਾਰਜਕਾਲ ਦੌਰਾਨ ਵੱਡੀਆਂ ਗਲਤੀਆਂ ਕਾਰਨ ਪੰਥ ਦੀ ਅਗਵਾਈ ਕਰਨ ਦੇ ਯੋਗ ਨਹੀਂ ਰਹੀ। ਇਸ ਹੁਕਮਨਾਮੇ ਤੋਂ ਬਾਅਦ, ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਮਜ਼ਬੂਤ ਕਰਨ ਲਈ ਇੱਕ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸਨੂੰ ਹਰੇਕ ਜ਼ਿਲ੍ਹੇ, ਸੂਬੇ ਅਤੇ ਦੇਸ਼-ਵਿਦੇਸ਼ ਵਿੱਚ ਸੰਗਤਾਂ ਤੱਕ ਪਹੁੰਚ ਕਰਕੇ ਨਵੇਂ ਸਿਰਿਓਂ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਮੁਹਿੰਮ ਚਲਾਉਣ ਦਾ ਆਦੇਸ਼ ਦਿੱਤਾ ਗਿਆ ਸੀ। ਇਸੇ ਮੁਹਿੰਮ ਦੇ ਤਹਿਤ, ਪੰਜ ਮੈਂਬਰੀ ਕਮੇਟੀ ਵੱਲੋਂ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਕੀਤੀ ਗਈ ਭਰਤੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ, ਹਲਕਾ ਗੁਰੂਹਰਸਹਾਏ, ਫ਼ਿਰੋਜ਼ਪੁਰ ਦਿਹਾਤੀ ਅਤੇ ਫ਼ਿਰੋਜ਼ਪੁਰ ਸ਼ਹਿਰੀ ਦੇ ਡੈਲੀਗੇਟਾਂ ਦੀ ਚੋਣ ਲਈ ਖ਼ਾਲਸਾ ਗੁਰਦੁਆਰਾ, ਫ਼ਿਰੋਜ਼ਪੁਰ ਛਾਉਣੀ ਵਿਖੇ ਇੱਕ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਕੀਤੀ। ਮੀਟਿੰਗ ਦੌਰਾਨ ਸਰਕਲ, ਹਲਕਾ ਅਤੇ ਜ਼ਿਲ੍ਹਾ ਪੱਧਰ ਦੇ ਯੋਗ ਡੈਲੀਗੇਟਾਂ ਦੀ ਚੋਣ ਵਿਧੀ-ਵਿਧਾਨ ਅਨੁਸਾਰ ਕੀਤੀ ਗਈ। ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਚਰਨਜੀਤ ਸਿੰਘ ਬਰਾੜ ਨੇ ਸਮੂਹ ਨਵੇਂ ਚੁਣੇ ਗਏ ਡੈਲੀਗੇਟਾਂ ਨੂੰ ਵਧਾਈ ਦਿੱਤੀ ਅਤੇ ਸਪੱਸ਼ਟ ਕੀਤਾ ਕਿ ਇਸ ਤੋਂ ਬਾਅਦ ਸੂਬਾ ਪੱਧਰੀ ਡੈਲੀਗੇਟਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਮੰਨਿਆ ਕਿ ਸਮੇਂ ਦੀ ਘਾਟ ਕਾਰਨ ਹਰ ਜਗ੍ਹਾ ਤੱਕ ਪਹੁੰਚ ਸੰਭਵ ਨਹੀਂ ਹੋ ਸਕੀ, ਪਰ ਸੰਗਤਾਂ ਦੇ ਮਨਾਂ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਦਾ ਉਤਸ਼ਾਹ ਭਰਿਆ ਹੋਇਆ ਹੈ। ਸਮੂਹ ਪੰਥ ਦਰਦੀਆਂ ਦੀ ਇਹ ਦਿਲੀ ਇੱਛਾ ਹੈ ਕਿ ਸਿੱਖ ਕੌਮ ਦੀਆਂ ਸਿਰਮੌਰ ਸੰਸਥਾਵਾਂ ਦਾ ਪ੍ਰਬੰਧ ਯੋਗ ਸਿੱਖਾਂ ਦੇ ਹੱਥਾਂ ਵਿੱਚ ਹੋਣਾ ਚਾਹੀਦਾ ਹੈ, ਤਾਂ ਜੋ ਗੁਰੂ ਸਾਹਿਬਾਨਾਂ ਵੱਲੋਂ ਬਖਸ਼ਿਸ਼ ਕੀਤੀ ਗਈ ਵਡਮੁੱਲੀ ਦਾਤ ਨੂੰ ਘਰ-ਘਰ ਤੱਕ ਪਹੁੰਚਾਇਆ ਜਾ ਸਕੇ ਅਤੇ ਸਰਬੱਤ ਦਾ ਭਲਾ ਹੋ ਸਕੇ। ਇਸ ਮੀਟਿੰਗ ਵਿਚ ਸਮੂਹ ਸੰਗਤਾਂ ਨੂੰ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ ਗਈ। ਡੈਲੀਗੇਟਾਂ ਵਿੱਚ ਸੇਵਾ ਕਰਨ ਦਾ ਬਹੁਤ ਉਤਸ਼ਾਹ ਵੇਖਣ ਨੂੰ ਮਿਲਿਆ। ਇਸ ਮੀਟਿੰਗ ਵਿੱਚ ਸ਼ਾਮਲ ਪ੍ਰਮੁੱਖ ਵਿਅਕਤੀਆਂ ਵਿੱਚ ਜਥੇਦਾਰ ਕਰਨੈਲ ਸਿੰਘ ਭਾਵੜਾ, ਹਰਵਿੰਦਰਜੀਤ ਸਿੰਘ, ਤਰਲੋਕ ਸਿੰਘ ਵਿਕਾਸ ਵਿਹਾਰ, ਜਸਪਾਲ ਸਿੰਘ, ਬਲਜਿੰਦਰ ਸਿੰਘ, ਸਤਿਨਾਮ ਸਿੰਘ ਵਲੂਰ, ਸ਼ਿੰਗਾਰਾ ਸਿੰਘ ਲਾਲਚੀਆਂ, ਬਲਦੇਵ ਸਿੰਘ ਮਾਮੂਜੋਈਆ, ਹਰਦੇਵ ਸਿੰਘ ਹਾਮਿਦ, ਸਵਰਨ ਸਿੰਘ ਚੱਕਸੋਮੀਆ, ਰਣਜੀਤ ਸਿੰਘ ਸੁਰਸਿੰਘ, ਵਰਿੰਦਰਪਾਲ ਸਿੰਘ ਡੋਡੇ, ਭੋਪਿੰਦਰ ਸਿੰਘ ਫ਼ਿਰੋਜ਼ਪੁਰ ਸਿਟੀ ਅਤੇ ਅਮਰਜੀਤ ਸਿੰਘ ਭੂਰੇ ਕਲਾਂ ਸ਼ਾਮਲ ਸਨ।

# ਸਰਕਾਰੀ ਦਫ਼ਤਰ ਦੀ ਲਾਪਰਵਾਹੀ ਬੇਨਕਾਬ—ਆਰ.ਟੀ.ਆਈ ਜਵਾਬ ਤੋਂ ਬਚ ਰਹੀ ਸਿਵਲ ਸਰਜਨ ਦਫ਼ਤਰ ਫ਼ਿਰੋਜ਼ਪੁਰ

ਫ਼ਿਰੋਜ਼ਪੁਰ, 25 ਜੁਲਾਈ (ਮਨੋਹਰ ਲਾਲ) :— ਸਰਕਾਰੀ ਦਫਤਰ ਵਿਚ ਬੈਠੇ ਬਾਬੂਆਂ ਵੱਲੋਂ ਆਪਣੀ ਡਿਊਟੀ ਵਿਚ ਪਰਪੱਕ ਨਾ ਹੋਣ ਦੇ ਦੋਸ਼ ਲਾਉਂਦਿਆਂ ਐਡਵੋਕੇਟ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਨਾਗਰਿਕ ਅਧਿਕਾਰਾਂ ਦੀ ਪਾਲਣਾ ਕਰਦਿਆਂ 5 ਮਾਰਚ 2025 ਨੂੰ ਆਰ.ਟੀ.ਆਈ. ਐਕਟ 2005 ਅਧੀਨ ਸੀਨੀਅਰ ਮੈਡੀਕਲ ਅਫ਼ਸਰ ਕੋਲ ਇੱਕ ਆਰ.ਟੀ.ਆਈ ਅਰਜ਼ੀ ਦਾਇਰ ਕਰਕੇ ਇਲਾਕੇ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਕਲੀਨਿਕਾਂ ਦੀ ਜਾਣਕਾਰੀ ਮੰਗੀ ਸੀ। ਉਨ੍ਹਾਂ ਦੱਸਿਆ ਕਿ ਆਰ.ਟੀ.ਆਈ ਵਿਚ ਕੁਲ ਕਲੀਨਿਕਾਂ ਦੀ ਗਿਣਤੀ, ਉਨ੍ਹਾਂ ਦੀਆਂ ਰਜਿਸਟਰੇਸ਼ਨ ਡੀਟੇਲਜ, ਲਾਇਸੰਸ ਪ੍ਰਮਾਣ ਪੱਤਰ ਅਤੇ ਪਿਛਲੇ 3 ਸਾਲਾਂ ਵਿਚ ਹੋਈਆਂ ਸ਼ਿਕਾਇਤਾਂ ਬਾਰੇ ਜਾਣਕਾਰੀ ਦੀ ਮੰਗ ਕੀਤੀ ਗਈ ਸੀ। ਐਡਵੋਕੇਟ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਇਥੇ ਹੀ ਸਾਫ ਹੋ ਜਾਂਦੀ ਹੈ ਕਿ 30 ਦਿਨ ਬੀਤਣ ਦੇ ਬਾਵਜੂਦ ਵੀ ਸਿਹਤ ਵਿਭਾਗ ਨੇ ਕੋਈ ਜਾਣਕਾਰੀ ਮੁਹਇਆ ਨਹੀਂ ਕਰਵਾਈ, ਜਿਸ ਉਪਰੰਤ ਆਰ.ਟੀ.ਆਈ ਐਕਟ ਦੇ ਸੈਕਸ਼ਨ 19(3) ਅਧੀਨ ਪਹਿਲੀ ਅਪੀਲ ਅਥਾਰਟੀ ਜ਼ਿਲ੍ਹਾ ਹੈਲਥ ਅਫਸਰ ਕੋਲ 26 ਅਪ੍ਰੈਲ ਨੂੰ ਪਹੁੰਚ ਕੀਤੀ ਗਈ ਜਿਥੋਂ ਪ੍ਰਾਪਤ ਜਵਾਬ ਵਿਚ ਸਿਵਲ ਸਰਜਨ ਦਫਤਰ ਨੇ ਮਿਤੀ 2 ਜੂਨ 2025 ਨੂੰ ਪੱਤਰ ਜਾਰੀ ਕਰਕੇ ਅਜਿਹੀ ਕੋਈ ਜਾਣਕਾਰੀ ਉਪਲਬਧ ਨਾ ਹੋਣ ਦੀ ਪੁਸ਼ਟੀ ਕੀਤੀ ਹੈ ਅਤੇ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਕੋਲ ਫ਼ਿਰੋਜ਼ਪੁਰ ਕੈਂਟ ਵਿਚ ਕੰਮ ਕਰ ਰਹੀਆਂ ਪ੍ਰਾਈਵੇਟ ਕਲੀਨਿਕਾਂ ਦੀ ਕੋਈ ਲਿਸਟ ਜਾਂ ਵਿਵਰਣ ਨਹੀਂ ਹੈ। ਸਿਹਤ ਵਿਭਾਗ ਦੀ ਕਾਰਗੁਜਾਰੀ ਤੇ ਸਵਾਲ ਚੁਕਦਿਆਂ ਐਡਵੋਕੇਟ ਸੁਖਵਿੰਦਰ ਸਿੰਘ ਨੇ ਕਿਹਾ ਕਿ ਜੇਕਰ ਸਿਹਤ ਵਿਭਾਗ ਕੋਲ ਇਲਾਕੇ ਦੀਆਂ ਪ੍ਰਾਈਵੇਟ ਕਲੀਨਿਕਾਂ ਦੀ ਲਿਸਟ ਨਹੀਂ ਹੈ ਤਾਂ ਸਿਹਤ ਸਬੰਧੀ ਨਿਯਮਾਂ ਦੀ ਪਾਲਣਾ ਕਿਵੇਂ ਹੋ ਰਹੀ ਹੈ, ਕੀ ਇਹ ਕਲੀਨਿਕਾਂ ਬਿਨ੍ਹਾਂ ਲਾਇਸੰਸ ਦੇ ਚੱਲ ਰਹੀਆਂ ਹਨ। ਗੱਲਬਾਤ ਕਰਦਿਆਂ ਸੁਖਵਿੰਦਰ ਸਿੰਘ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਉੱਚ ਅਧਿਕਾਰੀਆਂ ਅਤੇ ਮੀਡੀਆ ਰਾਹੀਂ ਉਠਾਉਂਦੇ ਹੋਏ ਆਰ.ਟੀ.ਆਈ ਐਕਟ ਦੀ ਉਲੰਘਣਾ ਕਰਨ ਅਤੇ ਪੀ.ਆਈ.ਓ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕਰਦੇ ਹਨ ਤਾਂ ਜ਼ੋ ਸਰਕਾਰੀ ਅਫਸਰਾਂ ਦੀ ਜਿੰਮੇਵਾਰੀ ਨਿਭਾਉਣ ਵਿਚ ਹੋ ਰਹੀ ਲਾਪ੍ਰਵਾਹੀ ਨੂੰ ਸਾਹਮਣੇ ਲਿਆਂਦਾ ਜਾ ਸਕੇ।



ਮਾਨ ਸਰਕਾਰ ਸ਼ਹਾਦਤਾਂ ਰਾਹੀਂ ਸਿਰਜੀ

# ਸਾਡੀ ਅਮੀਰ ਵਿਰਾਸਤ ਨੂੰ ਤਬਾਹ ਕਰਨ 'ਤੇ ਤੁਲੀ : ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)-** ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਗੁਰੂ ਸਾਹਿਬਾਨ ਵੱਲੋਂ ਸ਼ਹਾਦਤਾਂ ਰਾਹੀਂ ਸਿਰਜੀ ਸਾਡੀ ਅਮੀਰ ਵਿਰਾਸਤ ਨੂੰ ਤਬਾਹ ਕਰਨ 'ਤੇ ਤੁਲੀ ਹੋਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀਨਗਰ (ਕਸ਼ਮੀਰ) 'ਚ ਸ੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਧਾਰਮਿਕ ਰੰਗਤ ਅਧੀਨ ਕਰਵਾਇਆ ਸਮਾਗਮ ਅਖਾੜਾ ਅਤੇ ਜਸ਼ਨ ਦੇ ਰੂਪ 'ਚ ਹੋਣ ਕਾਰਨ ਇਹ ਗੁਰਮਤਿ ਅਤੇ ਸ਼ਹਾਦਤਾਂ ਦੇ ਫ਼ਲਸਫ਼ੇ ਨਾਲ ਦੂਰ ਦੂਰ ਦਾ ਵੀ ਨਾਤਾ ਨਹੀਂ, ਸਗੋਂ ਸਿੱਖ ਸੰਸਕਾਰ- ਅਸੂਲਾਂ ਅਤੇ ਅਮੀਰ ਰਵਾਇਤਾਂ ਦੇ ਖਿਲਾਫ ਸਰਕਾਰ ਦਾ ਇਕ ਮੰਦਭਾਗਾ ਕਦਮ ਹੈ, ਜਿਸ ਨੇ ਸਿੱਖ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚੀ ਹੈ।

ਪ੍ਰੋ.ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ, ਗੁਰਪੁਰਬ ਅਤੇ ਇਤਿਹਾਸਕ ਸ਼ਹੀਦੀ ਦਿਹਾੜੇ ਸਧਾਰਨ ਤਿਉਹਾਰ ਜਾਂ ਮਨੋਰੰਜਨ ਦਾ ਸਾਧਨ ਅਤੇ ਜਸ਼ਨ ਨਹੀਂ, ਸਗੋਂ ਆਤਮਿਕ ਚੇਤਨਾ, ਗੁਰਮਤਿ ਸਿਧਾਂਤ ਅਤੇ ਸ਼ਹੀਦੀ ਸੰਕਲਪ ਦੇ ਪ੍ਰਤੀਕ ਹੁੰਦੇ ਹਨ। ਇਹ ਗੁਰਬਾਣੀ, ਸੇਵਾ, ਸਿਮਰਨ, ਕੀਰਤਨ ਅਤੇ ਚਿੰਤਨ ਰਾਹੀਂ ਮਨਾਏ ਜਾਂਦੇ ਹਨ, ਨਾ ਕਿ ਅਖਾੜੇ ਅਤੇ ਨੱਚ ਟਪਕੇ । ਭਾਸ਼ਾ ਵਿਭਾਗ ਦੇ ਪ੍ਰੋਗਰਾਮ 'ਚ ਸਿੱਖਿਆ ਅਤੇ ਭਾਸ਼ਾ ਮੰਤਰੀ ਦੀ ਮੌਜੂਦਗੀ 'ਚ ਸਰਕਾਰ ਵੱਲੋਂ ਸ਼ਹੀਦਾਂ ਦੇ ਪਰਉਪਕਾਰਾਂ ਨੂੰ ਛੁਟਿਆਉਣ ਅਤੇ ਨਵੀਂ ਪਿਰਤ ਪਾ ਕੇ ਸਿੱਖ ਕੌਮ ਦੀ ਆਸਥਾ ਨੂੰ ਠੇਸ ਪਹੁੰਚਾਉਣ ਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਅਤੇ ਭਾਸ਼ਾ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸਿੱਖ ਪੰਥ ਅਤੇ ਨਾਨਕ ਨਾਮ ਲੇਵਾ ਸੰਗਤਾਂ ਤੋਂ ਤੁਰੰਤ ਮੁਆਫ਼ੀ ਮੰਗਣੀ ਚਾਹੀਦੀ ਹੈ।ਸਿੱਖੀ ਅਸੂਲਾਂ ਨਾਲ ਕੀਤੇ ਗਏ ਖਿਲਵਾੜ ਨੇ ਇਸ ਤੌਖਲੇ ਨੂੰ ਵੀ ਸੱਚ ਸਾਬਤ ਕੀਤਾ ਹੈ ਕਿ ਮਾਨ ਸਰਕਾਰ ਸਿੱਖ ਧਰਮ ਦੀਆਂ ਰਹੁ ਰੀਤਾਂ ਤੋਂ ਕੋਰਾ ਹੈ ਅਤੇ ਉਨ੍ਹਾਂ ਨੂੰ ਸ਼ਹੀਦੀ ਸਮਾਗਮ ਵੱਖਰੇ ਤੌਰ 'ਤੇ ਮਨਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦੀ ਸਮਾਗਮਾਂ 'ਚ ਸੰਗਤ ਗੁਰ ਇਤਿਹਾਸ ਅਤੇ ਸਿੱਖੀ ਸਿਧਾਂਤਾਂ ਦੀ ਪਕਿਆਈ ਲੈਣ ਆਉਂਦੀਆਂ ਹਨ , ਪਰ ਸਰਕਾਰੀ ਸ਼ੋਅ ਨੇ ਮਹਾਨ ਇਤਿਹਾਸ ਨਾਲ ਜੋੜਨ ਦੀ ਥਾਂ ਲੋਕਾਂ ਨੂੰ ਲਚਕਤਾ ਅਤੇ ਮਦਹੋਸ਼ੀ 'ਚ ਨੱਚਣ ਟੱਪਣ ਲਾ ਛੱਡਿਆ ।ਅਫ਼ਸੋਸ ਦੀ ਗਲ ਹੈ ਕਿ ਗੁਰਮਤਿ ਸਿੱਖਿਆ ਹਾਸਲ ਕੀਤੇ ਬਿਨਾ ਬਚਿਆਂ ਨੂੰ ਘਰਾਂ ਨੂੰ ਜਾਣਾ ਪਿਆ। ਉਨ੍ਹਾਂ ਕਿਹਾ ਕਿ ਸ਼ਹਾਦਤ ਮਾਰਗ ਦੇ ਸ਼ਾਹ ਅਸਵਾਰ ਅਤੇ ਹਿੰਦ ਦੀ ਚਾਦਰ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅਤੇ ਦਰਦਨਾਕ ਤੇ ਲੂੰ ਕੰਡੇ ਖੜੇ ਕਰਨ ਵਾਲੀ ਘਟਨਾ ਦੀ ਮਿਸਾਲ ਸਾਰੇ ਸੰਸਾਰ ਅਤੇ ਧਰਮ ਦੇ ਇਤਿਹਾਸ 'ਚ ਹੋਰ ਕਿਧਰੇ ਨਹੀਂ ਮਿਲਦੀ। ਜਿੱਥੇ ਨੌਵੇਂ ਗੁਰੂ ਦੀ ਸ਼ਹਾਦਤ ਆਪਣੇ ਧਰਮ ਦੀ ਰੱਖਿਆ ਲਈ ਨਾ ਹੋ ਕੇ ਹਿੰਦੂ ਸਨਾਤਨ ਧਰਮ ਅਤੇ ਇਸ ਦੇ ਧਾਰਮਿਕ ਚਿੰਨ੍ਹਾਂ ਦੀ ਰਾਖੀ ਲਈ ਦਿੱਤੀ ਸੀ। ਇਹ ਹੋਰ ਵੀ ਅਫ਼ਸੋਸਨਾਕ ਹੈ ਕਿ ਅਤੇ ਨਿੰਦਣਯੋਗ ਘਟਨਾ ਉਸ ਧਰਤੀ ਤੇ ਵਾਪਰੀ ਜਿੱਥੇ ਕਸ਼ਮੀਰੀ ਪੰਡਤਾਂ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ. ਬਹਾਦਰ ਜੀ ਨੇ ਆਪਣੀ ਲਾਸਾਨੀ ਸ਼ਹੀਦੀ ਦਿੱਤੀ।ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖ ਇਤਿਹਾਸ ਅਤੇ ਗੁਰਮਤਿ ਮਰਯਾਦਾ ਦੀ ਪਵਿੱਤਰਤਾ ਨਾਲ ਖਿਲਵਾੜ ਕੀਤਾ ਹੈ, ਉਹ ਗਾਇਕਾਂ ਅਤੇ ਅਧਿਕਾਰੀਆਂ ਦੀ ਨਾਸਮਝੀ ਨੂੰ ਵੀ ਬੇਨਕਾਬ ਕਰਦਾ ਹੈ ਜੋ ਇਨ੍ਹਾਂ ਸਮਾਗਮਾਂ 'ਚ ਭਜਨ-ਕੀਰਤਨ ਦੀ ਥਾਂ ਰੋਮਾਂਟਿਕ ਗੀਤਾਂ 'ਤੇ ਨੱਚਦੇ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

**ਸ੍ਰੀਨਗਰ 'ਚ ਸ਼ਹੀਦੀ ਸਮਾਗਮ ਪ੍ਰਤੀ ਅਖਾੜਾ ਲਾ ਕੇ ਨਵੀਂ ਪਿਰਤ ਪਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਭਾਸ਼ਾ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਤੁਰੰਤ ਮੁਆਫ਼ੀ ਮੰਗਣੀ ਚਾਹੀਦੀ ਹੈ**

ਉਨ੍ਹਾਂ ਕਿਹਾ ਕਿ "ਇਸ ਸਬੰਧੀ ਸ਼੍ਰੋਮਣੀ ਕਮੇਟੀ, ਧਾਰਮਿਕ ਜਥੇਬੰਦੀਆਂ, ਅਤੇ ਸਿੱਖ ਵਿਦਵਾਨਾਂ ਵੱਲੋਂ ਕੀਤੀ ਗਈ ਸਖ਼ਤ ਆਲੋਚਨਾ ਸਰਕਾਰ ਲਈ ਇਕ ਚੇਤਾਵਨੀ ਹੈ ਕਿ ਸਿੱਖ ਧਰਮ, ਇਤਿਹਾਸ ਅਤੇ ਗੁਰਮਤਿ ਮਰਯਾਦਾ ਉੱਤੇ ਰਾਜਨੀਤਿਕ ਸ਼ੋਅਬਾਜ਼ੀ ਨਹੀਂ ਹੋ ਸਕਦੀ। ਜਦ ਤਕ ਇਹ ਸਮਾਗਮ ਗੁਰੂ ਘਰਾਂ ਅਤੇ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਗੁਰਮਤਿ ਅਨੁਸਾਰ ਨਾ ਕਰਵਾਏ ਜਾਣ, ਤਦ ਤਕ ਨਿਰਾਦਰੀ ਬਣੀ ਰਹੇਗੀ।

ਪ੍ਰੋ. ਖਿਆਲਾ ਨੇ ਕਿਹਾ ਕਿ ਸਰਕਾਰੀ ਸਮਾਗਮ ਲਈ ਭਾਵੇਂ 'ਗੁਰ ਵਿਚਾਰ' ਲਿਖੇ ਜਾਣ, ਪਰ ਸੱਚਾਈ ਬੇਨਕਾਬ ਹੋ ਹੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸ਼ਹੀਦੀ ਸ਼ਤਾਬਦੀ ਦੇ ਨਾਂ 'ਤੇ ਪੰਜਾਬ ਭਾਸ਼ਾ ਵਿਭਾਗ ਵੱਲੋਂ ਸ੍ਰੀਨਗਰ ਵਿੱਚ ਜੋ 'ਇਵੈਂਟ' ਕਰਾਇਆ ਗਿਆ ਉਹ ਸਿੱਖੀ ਦੇ ਆਦਰਸ਼ਾਂ ਦੀ ਖੁੱਲ੍ਹੀ ਤੌਹੀਨ ਸੀ। ਜਿਸ ਨੇ ਸਾਰੀ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਰੌਂਦਿਆ ਹੈ। ਇਹ ਗੱਲ ਸਿੱਖ ਕੌਮ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸੰਵੇਦਨਸ਼ੀਲਤਾ ਦੀ ਘਾਟ ਦੇ ਚਲਦਿਆਂ ਨਾ ਤਾਂ ਸਿੱਖ ਇਤਿਹਾਸਕਾਰਾਂ ਦੀ, ਨਾ ਹੀ ਧਾਰਮਿਕ ਵਿਅਕਤੀਆਂ ਤੇ ਸੰਸਥਾਵਾਂ ਦੀ ਰਾਏ ਲਈ ਗਈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੇ ਹਮੇਸ਼ਾ ਤਿਆਗ, ਧੀਰਜ ਤੇ ਸ਼ਾਂਤੀ ਦਾ ਰਾਹ ਅਪਣਾਇਆ ਪਰ ਜਦੋਂ ਸਾਡੀਆਂ ਆਸਥਾਵਾਂ ਤੇ ਮਾਣ ਮਰਯਾਦਾ ਦਾ ਮਜ਼ਾਕ ਉਡਾਇਆ ਜਾਵੇ, ਤਾਂ ਸਾਡੀ ਚੁੱਪੀ ਗੁਨਾਹ ਹੋਵੇਗੀ। ਸਾਨੂੰ ਅਜਿਹੇ ਸਰਕਾਰੀ ਜਸ਼ਨਾਂ ਦੀ ਲੋੜ ਨਹੀਂ, ਸ਼ਤਾਬਦੀ ਨਾਲ ਸੰਬੰਧਿਤ ਸਮਾਗਮ ਕੇਵਲ ਗੁਰੂ ਘਰਾਂ ਵਿੱਚ, ਸਿੱਖ ਸੰਸਥਾਵਾਂ ਵਿੱਚ, ਗੁਰਮਤ ਅਤੇ ਗੁਰ ਇਤਿਹਾਸ ਦੀ ਰੋਸ਼ਨੀ ਵਿੱਚ ਮਨਾਏ ਜਾਣ ਅਤੇ ਅਜਿਹੇ ਸਰਕਾਰੀ ਪ੍ਰੋਗਰਾਮਾਂ ਦਾ ਡਟ ਕੇ ਵਿਰੋਧ ਕੀਤਾ ਜਾਵੇ।

ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ-ਧਾਰਮਿਕ ਸਥਾਨਾਂ ਵਿਚ

# ਡੇਂਗੂ ਸਰਵੇਖਣ ਤੇ ਜਾਗਰੂਕਤਾ ਮੁਹਿੰਮ ਚਲਾਈ



ਤਲਵੰਡੀ ਸਾਬੋ, 25 ਜੁਲਾਈ (ਗੁਰਜੰਟ ਸਿੰਘ ਨਥੇਹਾ)- ਸਿਹਤ ਵਿਭਾਗ ਵਲੋਂ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਡੇਂਗੂ ਵਿਰੋਧੀ ਮੁਹਿੰਮ ਤਹਿਤ ਅੱਜ ਡਰਾਈ ਡੇ ਮੌਕੇ ਧਾਰਮਿਕ ਸਥਾਨਾਂ, ਗੁਰਦੁਆਰਾ ਸਾਹਿਬ, ਮੰਦਰ, ਮਸੀਤ ਅਤੇ ਡੇਰਿਆਂ ਵਿੱਚ ਡੇਂਗੂ ਸਰਵੇਖਣ ਕੀਤਾ ਗਿਆ।ਸਿਵਲ ਸਰਜਨ ਬਠਿੰਡਾ ਡਾ.ਰਮਨਦੀਪ ਸਿੰਗਲਾ ਅਤੇ ਸੀਨੀਅਰ ਮੈਡੀਕਲ ਅਫ਼ਸਰ ਤਲਵੰਡੀ ਸਾਬੋ ਡਾ.ਰਵੀ ਕਾਂਤ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਦੀ ਮਲੇਰੀਆ ਟੀਮ ਐਸ.ਆਈ ਕੁਲਦੀਪ ਸਿੰਘ, ਸਿਹਤ ਕਰਮੀ ਹਰਪਾਲ ਸਿੰਘ ਗਿਆਨਾ, ਕੁਲਦੀਪ ਸਿੰਘ, ਅਮਨਦੀਪ ਸਿੰਘ, ਗੁਰਜੀਤ ਸਿੰਘ, ਜਗਸੀਰ ਸਿੰਘ ਅਤੇ ਗੁਰਸੇਵਕ ਸਿੰਘ ਨੇ ਇਨ੍ਹਾਂ ਥਾਵਾਂ 'ਤੇ ਜਾ ਕੇ ਲਾਰਵੇ ਦੀ ਜਾਂਚ ਕੀਤੀ ਅਤੇ ਲੋਕਾਂ ਨੂੰ ਡੇਂਗੂ ਮਲੇਰੀਆ ਤੋਂ ਬਚਾਅ ਲਈ ਨੁਕਤੇ ਸਾਂਝੇ ਕੀਤੇ। ਐਸਐਮਓ ਡਾ. ਰਵੀ ਕਾਂਤ ਨੇ ਕਿਹਾ ਕਿ ਡੇਂਗੂ ਦੀਆਂ ਜ਼ਿਆਦਾਤਰ ਬਿਮਾਰੀਆਂ ਬਾਰਿਸ਼ ਦੇ ਸ਼ੁਰੂਆਤੀ ਪੜਾਅ 'ਤੇ ਦਿਖਾਈ ਦਿੰਦੀਆਂ ਹਨ ਅਤੇ ਇਸ ਦੌਰਾਨ ਸਭ ਤੋਂ ਵੱਧ ਸਾਵਧਾਨੀਆਂ ਦੀ ਲੋੜ ਹੁੰਦੀ ਹੈ। ਇਸ ਬਿਮਾਰੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਵਿਭਾਗ ਵੱਲੋਂ ਡੇਂਗੂ ਪ੍ਰਤੀ ਲੋਕਾਂ ਨੂੰ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਡੇਂਗੂ ਦਾ ਲਾਰਵਾ ਮੁੱਖ ਤੌਰ 'ਤੇ ਸਾਫ ਖੜ੍ਹੇ ਪਾਣੀ ਵਿਚ ਪੈਦਾ ਹੁੰਦਾ ਹੈ ਅਤੇ ਜੁਲਾਈ ਤੋਂ ਅਕਤੂਬਰ ਇਸ ਦੇ ਵਾਧੇ ਲਈ ਸਭ ਤੋਂ ਅਨੁਕੂਲ ਸਮਾਂ ਹੁੰਦਾ ਹੈ। ਡੇਂਗੂ ਬੁਖਾਰ ਮਾਦਾ ਐਡੀਜ ਅਜੈਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਸ ਲਈ ਇਸ ਨੂੰ ਟਾਇਗਰ ਮੱਛਰ ਵੀ ਕਹਿੰਦੇ ਹਨ। ਇੱਕ ਹਫਤੇ ਦੇ ਅੰਦਰ-ਅੰਦਰ ਅੰਡੇ ਤੋਂ ਪੂਰਾ ਅਡੱਲਟ ਮੱਛਰ ਬਣ ਕੇ ਤਿਆਰ ਹੋ ਜਾਂਦਾ ਹੈ। ਇਹ ਮੱਛਰ ਇਕ ਚੱਮਚ ਪਾਣੀ ਵਿਚ ਵੀ ਪੈਦਾ ਹੋ ਜਾਂਦਾ ਹੈ। ਬਲਾਕ ਐਕਸਟੈਨਸ਼ਨ ਐਜੂਕੇਟਰ ਗੁਰਸਿਮਰਤ ਕੌਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਦਾ ਮੱਛਰ ਕੂਲਰਾਂ, ਕੰਨਟੇਨਰਾਂ, ਫਰਿਜ਼ ਦੇ ਪਿਛੇ ਲੱਗੀਆਂ ਟ੍ਰੇਆਂ, ਗਮਲਿਆਂ, ਘਰਾਂ ਦੀਆਂ ਛੱਤਾਂ ਉਪਰ ਪਏ ਕਬਾੜ, ਟਾਇਰ ਆਦਿ ਵਿਚ ਖੜ੍ਹੇ ਸਾਫ ਪਾਣੀ ਵਿਚ ਪੈਦਾ ਹੁੰਦਾ ਹੈ। ਇਹ ਮੱਛਰ ਜਿਆਦਾਤਰ ਸਵੇਰ ਵੇਲੇ ਸੂਰਜ ਚੜਣ ਤੋਂ ਬਾਅਦ ਅਤੇ ਸ਼ਾਮ ਨੂੰ ਸੂਰਜ ਡੁਬਣ ਵੇਲੇ ਅਤੇ ਸਰੀਰ ਦੇ ਹੇਠਲੇ ਹਿੱਸਿਆਂ ਉਤੇ ਕੱਟਦਾ ਹੈ। ਜੇ ਕਿਸੇ ਨੂੰ ਤੇਜ਼. ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿਚ ਦਰਦ, ਮਸੂੜਿਆਂ ਤੇ ਨੱਕ ਵਿਚ ਖੂਨ ਵਗਣਾ ਜਿਹੇ ਲਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਬੁਖਾਰ ਹੋਣ ਤੇ ਐਸਪ੍ਰੀਨ ਅਤੇ ਬਰੂਫਨ ਨਹੀਂ ਲੈਣੀ ਚਾਹੀਦੀ ਸਿਰਫ ਪੈਰਾਸੀਟਾਮੋਲ ਡਾਕਟਰ ਦੀ ਸਲਾਹ ਨਾਲ ਹੀ ਲਵੋ। ਡੇਂਗੂ ਵਿੱਚ ਪਲੇਟਲੈਟਸ ਲਗਾਤਾਰ ਘਟਦੇ ਹਨ ਅਤੇ ਇਹ ਬਿਮਾਰੀ ਖਤਰਨਾਕ ਹੋ ਜਾਂਦੀ ਹੈ। ਡੇਂਗੂ ਦੇ ਲੱਛਣ 2 ਤੋਂ 7 ਦਿਨਾਂ ਤੱਕ ਰਹਿੰਦੇ ਹਨ। ਇਸ ਦੌਰਾਨ ਪਾਣੀ ਜਾਂ ਤਰਲ ਪਦਾਰਥ ਜਿਆਦਾ ਪੀਣੇ ਚਾਹੀਦੇ ਹਨ ਅਤੇ ਆਰਾਮ ਕਰਨਾ ਚਾਹੀਦਾ ਹੈ। ਇਸ ਮੌਕੇ ਲੋਕਾਂ ਨੂੰ ਇਸ ਮੁਹਿੰਮ ਨਾਲ ਵਿਚ ਵੱਧ ਤੋਂ ਵੱਧ ਸਾਥ ਦੇਣ ਦਾ ਸੱਦਾ ਦਿੱਤਾ ਗਿਆ।



ਆਵਾਜ਼ਿ ਕੌਮ AWAZE QAUM International Newspaper & WEB TV

## ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ "ਸਿੱਖਿਆ ਰਾਹੀਂ ਗਰੀਬੀ ਦਾ ਖਾਤਮਾ" ਵਿਸ਼ੇ 'ਤੇ ਭਾਸ਼ਣ ਪ੍ਰਤਿਯੋਗਿਤਾ ਆਯੋਜਿਤ

## ਸਿੱਖਿਆ ਵਿਦਿਆਰਥੀ ਦੀ ਸਭ ਤੋਂ ਵੱਡਮੁੱਲੀ ਪੂੰਜੀ- ਡਾ. ਰਾਮੇਸ਼ਵਰ ਸਿੰਘ



ਤਲਵੰਡੀ ਸਾਬੋ, 25 ਜੁਲਾਈ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਸਾਇੰਸਜ਼, ਹਿਊਮੈਨਟੀਜ਼ ਐਂਡ ਲੈਂਗੁਏਜ਼ਸ ਵੱਲੋਂ ਵਿਦਿਆਰਥੀਆਂ ਦੇ ਹੁਨਰ ਨੂੰ ਨਿਖਾਰਨ, ਸੰਵਾਰਨ ਲਈ ਵੱਖ-ਵੱਖ ਕਲੱਬਾਂ ਦਾ ਨਿਰਮਾਣ ਕੀਤਾ ਗਿਆ ਹੈ। ਇਸ ਤਹਿਤ ਸਾਹਿਤਕ ਕਲੱਬ ਵੱਲੋਂ "ਸਿੱਖਿਆ ਰਾਹੀਂ ਗਰੀਬੀ ਦਾ ਖਾਤਮਾ" ਵਿਸ਼ੇ 'ਤੇ ਭਾਸ਼ਣ ਪ੍ਰਤੀਯੋਗਿਤਾ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਪ੍ਰੋ.(ਡਾ.) ਰਾਮੇਸ਼ਵਰ ਸਿੰਘ ਵਾਈਸ ਚਾਂਸਲਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਉਨ੍ਹਾਂ ਕਿਹਾ ਕਿ ਸਿੱਖਿਆ ਵਿਦਿਆਰਥੀ ਦਾ ਸਭ ਤੋਂ ਬਹੁਮੁੱਲਾ ਖਜਾਨਾ ਹੈ। ਉਨ੍ਹਾਂ ਦੱਸਿਆ ਕਿ ਇਨਸਾਨ ਦੀ ਹਰ ਚੀਜ ਚੋਰੀ ਹੋ ਸਕਦੀ ਹੈ ਪਰ ਉਸ ਦਾ ਗਿਆਨ ਸਾਰੀ ਉਮਰ ਉਸਦੇ ਨਾਲ ਰਹਿੰਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਗਿਆਨ ਦੀ ਸੁਚੱਜੀ ਵਰਤੋਂ ਨਾਲ ਅਮੀਰ ਹੋਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਕਿਹਾ ਕਿ ਜਿੰਨੀ ਦੇਰ ਤੱਕ ਵਿਦਿਆਰਥੀ ਆਪਣੇ ਗਿਆਨ, ਹੁਨਰ ਅਤੇ ਵਿੱਦਿਆ ਨੂੰ ਆਪਣੇ ਵਿਵਹਾਰਿਕ ਜੀਵਨ ਵਿੱਚ ਇਸਤੇਮਾਲ ਨਹੀਂ ਕਰਦਾ ਉਨ੍ਹੀਂ ਦੇਰ ਗਿਆਨ ਬੋਝ ਦੇ ਬਰਾਬਰ ਹੈ। ਉਨ੍ਹਾਂ ਸਾਹਿਤਿਕ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਕਿਤਾਬਾਂ ਅਤੇ ਸਾਹਿਤ ਪੜ੍ਹਨਾ ਚਾਹੀਦਾ ਹੈ। ਭਾਸ਼ਣ ਪ੍ਰਤੀਯੋਗਿਤਾ ਵਿੱਚ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿੱਚ ਆਪਣੇ ਵਿਚਾਰ ਰੱਖੇ। ਸਖ਼ਤ ਮੁਕਾਬਲੇ ਵਿੱਚ ਸੰਦੀਪ ਕੌਰ ਨੇ ਪਹਿਲਾ, ਲਵਪ੍ਰੀਤ ਕੌਰ ਨੇ ਦੂਜਾ ਅਤੇ ਆਕਾਸ਼ਦੀਪ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ। ਆਪਣੇ ਧੰਨਵਾਦੀ ਭਾਸ਼ਣ ਵਿੱਚ ਡਾ. ਅਮਿਤ ਟੁਟੇਜਾ ਡੀਨ ਨੇ ਕਿਹਾ ਕਿ ਵਰਸਿਟੀ ਵੱਲੋਂ ਵਿਦਿਆਰਥੀਆਂ ਦੀਆਂ ਵੱਖ ਰੁਚੀਆਂ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਵੱਖ-ਵੱਖ ਕਲੱਬਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ। ਜੋ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਅਤੇ ਪੇਸ਼ ਕਰਨ ਲਈ ਉੱਤਮ ਮੰਚ ਪ੍ਰਦਾਨ ਕਰਨਗੇ। ਉਨ੍ਹਾਂ ਸਾਰਿਆਂ ਨੂੰ ਸੱਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਭਾਰਤ ਦੇ ਸਵਰਗੀ ਰਾਸ਼ਟਰਪਤੀ ਡਾ. ਏ.ਪੀ.ਜੇ ਅਬਦੁਲ ਕਲਾਮ ਦਾ ਉਦਾਹਰਣ ਦੇ ਕੇ ਦੱਸਿਆ ਕਿ ਸਾਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਵੱਧ ਤੋਂ ਵੱਧ ਗਿਆਨ ਹਾਸਿਲ ਕਰਨਾ ਚਾਹੀਦਾ ਹੈ ਤੇ ਉਸਨੂੰ ਸਮਾਜ ਭਲਾਈ ਦੇ ਲੇਖੇ ਲਾਉਣ ਦਾ ਮਸ਼ਵਰਾ ਦਿੱਤਾ। ਜੇਤੂਆਂ ਨੂੰ ਆਯੋਜਕਾਂ ਵੱਲੋਂ ਯਾਦਾਸ਼ਤ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਸ੍ਰ ਇੱਟਾਂਵਾਲੀ ਪਿੰਡ ਝੰਡੇਆਣਾ 'ਚ ਅੱਜ ਸੁਣਨਗੇ ਪੀੜਤਾਂ ਦੀਆਂ ਸ਼ਿਕਾਇਤਾਂ, 11 ਵਜੇ ਪਹੁੰਚਣਗੇ ਪਿੰਡ ਝੰਡੇਆਣਾ ਸਰਕੀ 'ਚ



**ਚੌਕ ਮਹਿਤਾ, 25 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ )-**ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਸ ਗੁਰਪ੍ਰੀਤ ਸਿੰਘ ਇੱਟਾਂਵਾਲੀ ਪਿੰਡ ਝੰਡੇਆਣਾ ਸਰਕੀ ਵਿਖੇ ਦੌਰੇ ਦੌਰਾਨ ਲੋਕਾਂ ਦੀਆਂ ਮੁਸ਼ਿਕਲਾਂ ਸੁਣਨਗੇ। ਸ੍ਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਦੇ ਲੋਕ ਸੰਪਰਕ ਅਫਸਰ ਸ ਸਤਨਾਮ ਸਿੰਘ ਗਿੱਲ ਨੇ ਪ੍ਰੈਸ ਦੇ ਨਾਮ ਜਾਰੀ ਬਿਆਨ 'ਚ ਦੱਸਿਆ ਕਿ ਪਿੰਡ ਝੰਡੇਆਣਾ ਸਰਕੀ ਦੇ ਲੋਕਾਂ ਵੱਲੋਂ ਦੂਸ਼ਿਤ ਪਾਣੀ ਘਰਾਂ 'ਚ ਵੜਨ ਅਤੇ ਗੰਦੇਂ ਪਾਣੀ ਦੀ ਨਿਕਾਸੀ ਦੇ ਯੋਗ ਪ੍ਰਬੰਧ ਨਾ ਹੋਣ ਦੀ ਸ਼ਿਕਾਇਤ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੂੰ ਸੌਂਪੀ ਸੀ। ਜਿਸ ਨੂੰ ਗੰਭੀਰਤਾ ਨਾਲ ਵਿਚਾਰਦੇ ਹੋਏ , ਬਹੁ-ਗਿਣਤੀ ਅਨੁਸੂਚਿਤ ਜਾਤੀ ਦਿਆਂ ਘਰਾਂ ਨੂੰ ਦਰਪੇਸ਼ ਸਮੱਸਿਆਂ ਦਾ ਮੌਕੇ ਤੇ ਹੱਲ ਕਰਨ ਅਤੇ ਪ੍ਰਭਾਵਿਤ ਪ੍ਰੀਵਾਰਾਂ ਦੀ ਸੁਣਵਾਈ ਕਰਨ ਲਈ ਮਿਤੀ 26 ਜੁਲਾਈ 2025 ਨੂੰ ਸਮਾਂ 11 ਵਜੇ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਸ੍ਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਵਿਜ਼ਟ ਤੇ ਆ ਰਹੇ ਹਨ ਉਨ੍ਹਾ ਨੇ ਮੋਗੇ ਜ਼ਿਲ੍ਹੇ ਦੇ ਹੋਰਨਾ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਕਤ ਪਿੰਡ 'ਚ ਲੋੜਵੰਦ ਕਮਿਸ਼ਨ ਨੂੰ ਮਿਲਕੇ ਆਪਣੀਆਂ ਸ਼ਿਕਾਇਤਾਂ ਸੌਂਪ ਸਕਦੇ ਹਨ ਲੋਕ ਸੰਪਰਕ ਅਫਸਰ ਸ੍ਰ ਸਤਨਾਮ ਸਿੰਘ ਗਿੱਲ ਨੇ ਮੋਗਾ ਜ਼ਿਲ੍ਹੇ ਦੇ ਮੀਡੀਆ ਕ੍ਰਮੀਆਂ ਨੂੰ ਇਸ ਵਿਜ਼ਟ ਨੂੰ ਕਵਰੇਜ਼ ਦੇਣ ਦਾ ਸੱਦਾ ਦਿੱਤਾ ਹੈ।





**ਜਨਮ ਦਿਨ ਮੁਬਾਰਕ**

**ਨਮਨਦੀਪ ਸਿੰਘ**
ਪਿਤਾ ਦਵਿੰਦਰਪਾਲ ਸਿੰਘ
ਮਾਤਾ ਸਰਬਜੀਤ ਕੌਰ ਵਾਸੀ
ਅੰਮ੍ਰਿਤਸਰ( ਫੋਟੋ ਵੇਰਵਾ ਬਾਬਾ
ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV

### ਸ਼੍ਰੀਨਗਰ ਵਿਖੇ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ

# ਕਰਵਾਏ ਇਤਰਾਜ਼ਯੋਗ ਪ੍ਰੋਗਰਾਮ ਦਾ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਲਿਆ ਸਖ਼ਤ ਨੋਟਿਸ

**ਸ੍ਰੀ ਅੰਮ੍ਰਿਤਸਰ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਸਕੱਤਰੇਤ ਦਫ਼ਤਰ ਵਿਖੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਜੋ ਪ੍ਰੋਗਰਾਮ ਸ਼੍ਰੀਨਗਰ ਵਿੱਚ ਕਰਵਾਇਆ ਹੈ ਉਸ ਨੇ ਸਿੱਖ ਸੰਸਥਾਵਾਂ ਵੱਲੋਂ ਪ੍ਰਗਟਾਏ ਖਦਸ਼ਿਆਂ ਨੂੰ ਸਹੀ ਸਾਬਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਕੀਤੇ ਗਏ ਨਾਚ-ਗਾਣੇ ਤੇ ਮਨੋਰੰਜਨ ਰਾਹੀਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਸਿੱਖੀ ਸਿਧਾਂਤ ਅਨੁਸਾਰ ਸ਼ਹਾਦਤ ਦਾ ਬਹੁਤ ਹੀ ਪਵਿੱਤਰ ਸਥਾਨ ਹੈ ਅਤੇ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ. ਬਹਾਦਰ ਜੀ ਦੀ ਸ਼ਹਾਦਤ ਸਬੰਧੀ ਕਰਵਾਏ ਪ੍ਰੋਗਰਾਮ ਵਿੱਚ ਗੁਰਮਤਿ ਮਰਯਾਦਾ ਅਤੇ ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਫ਼ਲਸਫ਼ੇ ਦੇ ਵਿਰੁੱਧ ਕਾਰਵਾਈਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿਦੇਸ਼ ਤੋਂ ਸਿੱਖ ਸੰਗਤਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਸ ਪ੍ਰੋਗਰਾਮ ਨੂੰ ਕਰਵਾਉਣ ਵਾਲੇ ਅਤੇ ਇਸ ਵਿੱਚ ਸ਼ਮੂਲੀਅਤ ਕਰਨ ਵਾਲੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ, ਭਾਸ਼ਾ ਵਿਭਾਗ ਦੇ ਡਾਇਰੈਕਟਰ ਅਤੇ ਗਾਇਕ ਸ. ਬੀਰ ਸਿੰਘ ਦੇ ਵਿਰੁੱਧ ਕਈ ਸ਼ਿਕਾਇਤਾਂ ਪੁੱਜੀਆਂ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਇਸ ਦੇ ਭਾਸ਼ਾ ਵਿਭਾਗ ਨੂੰ ਆਪੋ-ਆਪਣੇ ਫ਼ਰਜ਼ ਸਮਝਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਕੰਮ ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇਣਾ ਨਹੀਂ ਅਤੇ ਨਾ ਹੀ ਗੁਰਮਤਿ ਸਮਾਗਮ ਕਰਵਾਉਣਾ ਹੈ, ਇਸ ਲਈ ਸਿੱਖ ਸੰਸਥਾਵਾਂ ਅਤੇ ਖ਼ਾਲਸਾ ਪੰਥ ਸਮਰੱਥ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜੇਕਰ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਲੈ ਕੇ ਸੁਹਿਰਦ ਹੈ ਤਾਂ ਉਸ ਨੂੰ ਵਿਕਾਸ ਕਾਰਜ ਅਤੇ ਸ਼ਤਾਬਦੀ ਮਨਾਉਣ ਲਈ ਹੋਰ ਲੋੜੀਂਦੇ ਪ੍ਰਬੰਧਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਬਿਹਾਰ ਸਰਕਾਰ ਤੋਂ ਸੇਧ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਗੁਰਪੁਰਬ ਕਿਵੇਂ ਖ਼ਾਲਸਾ ਪੰਥ ਦੇ ਸਹਿਯੋਗ ਨਾਲ ਮਨਾਇਆ ਗਿਆ ਸੀ। ਨੌਵੇਂ ਪਾਤਸ਼ਾਹ ਨਾਲ ਸਬੰਧਤ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਨੂੰ ਆਉਂਦੇ ਰਸਤੇ ਟੁੱਟੇ ਪਏ ਹਨ, ਸਾਫ਼-ਸਫ਼ਾਈ ਦਾ ਬੁਰਾ ਹਾਲ ਹੈ ਤੇ ਅਵਾਰਾ ਕੁੱਤਿਆਂ ਦੀ ਭਰਮਾਰ ਹੈ, ਉਹ ਠੀਕ ਕਰਵਾਏ ਜਾਣ। ਸ਼ਤਾਬਦੀ ਦੇ ਮੁੱਖ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਜਾਣੇ ਹਨ, ਗੜ੍ਹਸ਼ੰਕਰ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਂਦੀ ਸੜਕ ਦਾ ਬੁਰਾ ਹਾਲ ਹੈ ਤੇ ਇਸ ਦਾ ਕਾਰਜ ਕਾਰ ਸੇਵਾ ਵਾਲੇ ਮਹਾਂਪੁਰਖ ਕਰ ਰਹੇ ਹਨ ਅਤੇ ਇਸੇ ਰਸਤੇ ਉੱਤੇ ਪੈਂਦੇ ਪੁਲ ਦੀ ਹਾਲਤ ਵੀ ਬਹੁਤ ਮਾੜੀ ਹੈ, ਪੰਜਾਬ ਸਰਕਾਰ ਉਸ ਨੂੰ ਠੀਕ ਕਰਵਾਏ। ਇਸੇ ਤਰ੍ਹਾਂ ਬਾਬਾ ਬਕਾਲਾ ਸਾਹਿਬ ਵਿਖੇ ਵੀ ਵਿਕਾਸ ਕਾਰਜਾਂ ਤੇ ਸ਼ਹਿਰ ਪ੍ਰਬੰਧ ਦਾ ਬੁਰਾ ਹਾਲ ਹੈ। ਸਰਕਾਰ ਸ੍ਰੀ ਗੁਰੂ ਤੇਗ. ਬਹਾਦਰ ਜੀ ਨਾਲ ਸਬੰਧਤ ਸ਼ਹਿਰਾਂ ਵਿੱਚ ਵਿਕਾਸ ਕਾਰਜ ਕਰਵਾਏ ਅਤੇ ਗੁਰੂ ਸਾਹਿਬ ਦੇ ਨਾਮ ਉੱਤੇ ਹਸਪਤਾਲ, ਕਾਲਜ ਜਾਂ ਹੋਰ ਸੰਸਥਾਨ ਸ਼ੁਰੂ ਕਰੇ। ਉਨ੍ਹਾਂ ਕਿਹਾ ਕਿ ਸਰਕਾਰ ਦੇ ਕਰਨ ਵਾਲੇ ਅਜਿਹੇ ਬਹੁਤ ਕਾਰਜ ਹਨ ਜੋ ਨਹੀਂ ਕੀਤੇ ਜਾ ਰਹੇ, ਉਲਟਾ ਧਾਰਮਿਕ ਮਾਮਲਿਆਂ ਬਾਰੇ ਸਮਝ ਨਾ ਹੋਣ ਦੇ ਬਾਵਜੂਦ ਅਜਿਹੇ ਸਮਾਗਮ ਕਰਵਾਏ ਜਾ ਰਹੇ ਹਨ ਜਿਨ੍ਹਾਂ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਵੱਜ ਰਹੀ ਹੈ। ਉਨ੍ਹਾਂ ਕਿਹਾ ਕਿ ਸੂਫ਼ੀ ਗਾਇਨ ਦਾ ਗੁਰਮਤਿ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਅਤੇ ਭਾਸ਼ਾ ਵਿਭਾਗ ਵੱਲੋਂ ਸ਼੍ਰੀਨਗਰ ਵਿੱਚ ਕਰਵਾਇਆ ਪ੍ਰੋਗਰਾਮ ਦੋਵੇਂ ਵਿਚਾਰਧਾਰਾਵਾਂ ਨੂੰ ਰਲਗੱਢ ਕਰਨ ਦੀ ਕੋਝੀ ਸਾਜ਼ਸ਼ ਅਤੇ ਸ਼ਰਾਰਤ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਸ਼ਾ ਵਿਭਾਗ ਦਾ ਕੰਮ ਅਜਿਹੇ ਸਮਾਗਮ ਕਰਵਾਉਣਾ ਨਹੀਂ ਬਲਕਿ ਇਹ ਸੰਸਥਾ ਸ੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਦੇ ਜੀਵਨ ਬਾਰੇ ਪੁਸਤਕਾਂ ਅਤੇ ਦਸਤਾਵੇਜ਼ ਪ੍ਰਕਾਸ਼ਿਤ ਕਰੇ। ਉਨ੍ਹਾਂ ਸਵਾਲ ਕੀਤਾ ਕਿ ਭਾਸ਼ਾ ਵਿਭਾਗ ਦੱਸੇ ਕਿ ਸ੍ਰੀ ਗੁਰੂ ਤੇਗ. ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਿੰਨੀਆਂ ਵਿਸ਼ੇਸ਼ ਪੁਸਤਕਾਂ ਅਤੇ ਦਸਤਾਵੇਜ਼ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ ਜਾਂ ਕੀਤੇ ਗਏ ਹਨ। ਉਨ੍ਹਾਂ ਭਾਸ਼ਾ ਵਿਭਾਗ ਨੂੰ ਵੀ ਚੇਤੰਨ ਕੀਤਾ ਕਿ ਜੇਕਰ ਕੋਈ ਪੁਸਤਕਾਂ ਪ੍ਰਕਾਸ਼ਿਤ ਕਰਨੀਆਂ ਹਨ ਤਾਂ ਉਨ੍ਹਾਂ ਵਿੱਚ ਕੋਈ ਇਤਿਹਾਸਕ ਤਰੁੱਟੀ ਨਾਲ ਹੋਵੇ ਅਤੇ ਉਨ੍ਹਾਂ ਰਾਹੀਂ ਗਲਤ ਬਿਰਤਾਂਤ ਨਾ ਸਿਰਜਿਆ ਜਾਵੇ। ਜਥੇਦਾਰ ਗੜਗੱਜ ਨੇ ਕਿਹਾ ਕਿ ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਉੱਤੇ ਵੀ ਸਰਕਾਰ ਵੱਲੋਂ ਕਈ ਤਰ੍ਹਾਂ ਦੇ ਐਲਾਨ ਕੀਤੇ ਗਏ ਸਨ, ਪਰੰਤੂ ਸੁਲਤਾਨਪੁਰ ਲੋਧੀ ਜਾ ਕੇ ਅਸਲੀਅਤ ਦਾ ਪਤਾ ਚੱਲਦਾ ਹੈ ਕਿ ਸਰਕਾਰ ਵੱਲੋਂ ਸ਼ਹਿਰ ਦੇ ਲਈ ਕੁਝ ਨਹੀਂ ਕੀਤਾ ਗਿਆ ਅਤੇ ਹਾਲਾਤ ਬਹੁਤ ਮਾੜੇ ਹਨ। ਉਨ੍ਹਾਂ ਸਵਾਲ ਕੀਤਾ ਕਿ ਜਿਵੇਂ ਬੀਤੇ ਸਮੇਂ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ ਸੀ, ਕੀ ਸਰਕਾਰ ਨੇ ਸ੍ਰੀ ਗੁਰੂ ਤੇਗ. ਬਹਾਦਰ ਮਾਰਗ ਬਣਾਉਣ ਬਾਰ ਕੁਝ ਸੋਚਿਆ? ਕੀ ਸਰਕਾਰ ਨੇ ਸ੍ਰੀ ਗੁਰੂ ਗੋਬਿੰਗ ਸਿੰਘ ਮਾਰਗ ਦੀ ਵਿਰਾਸਤ ਨੂੰ ਸੰਭਾਲਣ ਅਤੇ ਇਸ ਦੇ ਨਵੀਨੀਕਰਨ ਬਾਰੇ ਕੋਈ ਯਤਨ ਕੀਤੇ ਹਨ? ਉਨ੍ਹਾਂ ਕਿਹਾ ਕਿ ਭਾਵੇਂ ਕਿ ਗੁਰੂ ਸਾਹਿਬ ਦਾ ਉਪਦੇਸ਼ ਸਰਬ ਸਾਂਝਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਗੁਰਮਤਿ ਵਿਚਾਰਧਾਰਾ ਨੂੰ ਰਲਗੱਢ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਨੂੰ ਆਪੋ ਆਪਣੇ ਦਾਇਰੇ ਅਤੇ ਸੀਮਾ ਦਾ ਪਤਾ ਹੋਣਾ ਚਾਹੀਦਾ ਹੈ ਅਤੇ ਉਸ ਵਿੱਚ ਰਹਿ ਕੇ ਹੀ ਸਮਾਗਮ ਕਰਨੇ ਅਤੇ ਉਲੀਕਣੇ ਚਾਹੀਦੇ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਤਾੜਨਾ ਕੀਤੀ ਕਿ 350 ਸਾਲਾ ਸ਼ਤਾਬਦੀ ਦੇ ਸਮਾਗਮਾਂ ਨੂੰ ਆਪਣੇ ਤੌਰ ਉੱਤੇ ਮਨਾਉਣ ਦੀ ਥਾਂ ਕੇਂਦਰੀ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਹਿਯੋਗ ਲਿਆ ਅਤੇ ਕੀਤਾ ਜਾਵੇ ਤਾਂ ਜੋ ਸਿੱਖ ਭਾਵਨਾਵਾਂ ਨੂੰ ਸੱਟ ਨਾ ਵੱਜੇ ਅਤੇ ਸਮੁੱਚੇ ਸਮਾਗਮ ਗੁਰਮਤਿ ਦੀ ਰੋਸ਼ਨੀ ਅਤੇ ਗੁਰੂ ਸਾਹਿਬ ਦੀ ਪਾਵਨ ਸ਼ਹਾਦਤ ਦੀ ਭਾਵਨਾ ਅਨੁਸਾਰ ਹੋਣ। ਜਥੇਦਾਰ ਗੜਗੱਜ ਨੇ ਇਸ ਗੱਲ ਉੱਤੇ ਵੀ ਚਿੰਤਾ ਪ੍ਰਗਟ ਕੀਤੀ ਕਿ ਪਿਛਲੇ ਦਿਨਾਂ ਵਿੱਚ ਚਰਚਾ ਹੋਈ ਹੈ ਕਿ ਦਿੱਲੀ ਯੂਨੀਵਰਸਿਟੀ ਵੱਲੋਂ ਸਿੱਖ ਇਤਿਹਾਸ ਵਿੱਚ ਸਿੱਖਾਂ ਵੱਲੋਂ ਮੁਗ਼ਲਾਂ ਵਿਰੁੱਧ ਕੀਤੇ ਗਏ ਸੰਘਰਸ਼ ਉੱਤੇ ਕੋਰਸ਼ ਸ਼ੁਰੂ ਕਰਨ ਦਾ ਵਿਚਾਰ ਹੈ। ਉਨ੍ਹਾਂ ਕਿਹਾ ਕਿ ਇਹ ਗੰਭੀਰ ਚਿੰਤਨ ਦਾ ਵਿਸ਼ਾ ਹੈ ਕਿ ਕਿਤੇ ਗੁਰੂ ਸਾਹਿਬਾਨ ਅਤੇ ਸਿੱਖਾਂ ਦੇ ਇਤਿਹਾਸਕ ਸੰਘਰਸ਼ ਨੂੰ ਕਿਸੇ ਵਿਸ਼ੇਸ਼ ਧਰਮ ਦੇ ਖਿਲਾਫ਼ ਪੇਸ਼ ਕਰਨ ਦੇ ਯਤਨ ਤਾਂ ਨਹੀਂ ਕੀਤੇ ਜਾ ਰਹੇ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦਾ ਸੰਘਰਸ਼ ਅਤੇ ਵਿਚਾਰਧਾਰਾ ਹੱਦਾਂ ਸਰਹੱਦਾਂ ਤੋਂ ਪਾਰ ਦਾ ਫ਼ਲਸਫ਼ਾ ਹੈ ਅਤੇ ਸਗਲੀ ਸ੍ਰਿਸ਼ਟ ਨੂੰ ਸੇਧ ਦੇਣ ਵਾਲਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਮਾਮਲੇ ਉੱਤੇ ਗੰਭੀਰ ਵਿਚਾਰ ਚਰਚਾ ਕੀਤੀ ਜਾਵੇਗੀ ਅਤੇ ਸਰਕਾਰ ਨੂੰ ਇਸ ਗੱਲ ਤੋਂ ਸੁਚੇਤ ਕੀਤਾ ਜਾਵੇਗਾ ਕਿ ਸਿੱਖ ਇਤਿਹਾਸ ਪ੍ਰਤੀ ਗਲਤ ਬਿਰਤਾਂਤ ਨੂੰ ਸਿੱਖ ਬਰਦਾਸ਼ਤ ਨਹੀਂ ਕਰਨਗੇ।



> ☛ ਸਿੱਖ ਸੰਗਤਾਂ ਤੇ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਸਰਕਾਰ ਦੇ ਸਮਾਗਮਾਂ ਪ੍ਰਤੀ ਪ੍ਰਗਟਾਏ ਖਦਸ਼ੇ ਠੀਕ ਸਾਬਤ ਹੋਏ- ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ☛ 350 ਸਾਲਾ ਸ਼ਤਾਬਦੀ ਦੇ ਮੱਦੇਨਜ਼ਰ ਸਰਕਾਰ ਨੌਵੇਂ ਪਾਤਸ਼ਾਹ ਨਾਲ ਸਬੰਧਤ ਸ਼ਹਿਰਾਂ ਦੇ ਵਿਕਾਸ ਕਾਰਜ ਤੇ ਸੜਕਾਂ ਠੀਕ ਕਰੇ- ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ

### ਅੱਜ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਦੇ ਸੱਦੇ ’ਤੇ

# ਪੂਰੇ ਪੰਜਾਬ ਦੇ ਡੀਸੀ ਦਫਤਰਾਂ ਸਾਹਮਣੇ ਜੋਰਦਾਰ ਵਿਖਾਵਾ ਪ੍ਰਦਰਸ਼ਨ ਕੀਤਾ ਗਿਆ





**ਚੌਕ ਮਹਿਤਾ, 25 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਅਮ੍ਰਿਤਸਰ ਦੇ ਡੀਸੀ ਦਫ਼ਤਰ ਦੇ ਸਾਹਮਣੇ ਵੀ ਰਹੇਗਾ ਮਜਦੂਰਾਂ ਨੇ ਆਪਣੀਆਂ ਮੰਗਾਂ ਨੂੰ ਲੈਕੇ ਜੋਰਦਾਰ ਰੋਸ਼ ਪ੍ਰਦਰਸ਼ਨ ਕੀਤਾ ਗਿਆ ।ਜਿਸਦੀ ਅਗਵਾਈ ਲਖਵਿੰਦਰ ਸਿੰਘ ਗੋਪਾਲਪੁਰ, ਸੁਰਜੀਤ ਸਿੰਘ ਜਹਾਂਗੀਰ, ਦਰਸ਼ਨ ਸਿੰਘ ਸਿੱਧਵਾਂ, ਮੋਨਿਕਾ ਜੇਠੂਵਾਲ ਤੇ ਕੁਲਵਿੰਦਰ ਕੌਰ ਖੁਸ਼ੀਪੁਰ ਨੇ ਕੀਤੀ ।ਇਸ ਮੌਕੇ ਸੀਪੀਆਈ ਸੈਕਟਰੀ ਲਖਬੀਰ ਸਿੰਘ ਨਿਜਾਮਪੁਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਗੁਰਦੀਪ ਸਿੰਘ ਗੁਰੂਵਾਲੀ, ਨੇ ਨਰੇਗਾ ਮਸਲਿਆਂ ਤੇ ਬੋਲਦਿਆਂ ਦੱਸਿਆ ਕਿ ਭਗਵੰਤ ਸਿੰਘ ਮਾਨ ਤੇ ਕੇਂਦਰ ਦੀ ਸਰਕਾਰ ਲੋਕਾਂ ਦੀਆਂ ਜੀਵਨ ਵਾਲੀਆਂ ਸਹੂਲਤਾਂ ਜਿਵੇ ਨਰੇਗਾ ਵਗੈਰਾ ਦੇ ਪੈਸੇ ਨਾ ਦੇਕੇ ਮਜਦੂਰਾਂ ਦਾ ਜਿਉਣਾ ਦੁਭਰ ਕਰ ਦਿਤਾ ਹੈ। ਇਸ ਮੌਕੇ ਭਰਾਤਰੀ ਜਥੇਬੰਦੀਆਂ ਜੋਗਿੰਦਰ ਸਿੰਘ ਗੋਪਾਲਪੁਰਾ ਮੰਗਲ ਸਿੰਘ ਧਰਮਕੋਟ ਗੁਰਮੀਤ ਸਿੰਘ ਮਾਨ ਵੇਰਕਾ, ਸਿਮਰਜੀਤ ਕੌਰ ਗੋਪਾਲਪੁਰ ਮੁਖਤਾਰ ਸਿੰਘ ਤਰਕਸ਼ੀਲ ਆਗੂ ਨੇ ਵੀ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਦੀਆਂ ਮੰਗਾਂ ਦੀ ਹਮਾਇਤ ਕੀਤੀ ਅਤੇ ਕਿਹਾ ਕਿ ਅੱਜ ਲੋੜ ਹੈ ਖੱਬੀਆਂ ਧਿਰਾਂ ਨੂੰ ਇੱਕਠੇ ਹੋਕੇ ਸੰਘਰਸ਼ ਕਰਨ ਦੀ ਲੋੜ ਹੈ ।ਇਸ ਇਕੱਠ ਨੂੰ ਸੰਬੋਧਨ ਕਰਦਿਆਂ ਲਖਵਿੰਦਰ ਗੋਪਾਲਪੁਰ ਨੇ ਮਜਦੂਰਾਂ ਦੇ ਹੱਕਾਂ ਦੇ ਗੀਤ ਗਾਕੇ ਵਾਹ ਵਾਹ ਕਰਾਈ। ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਨਰੇਗਾ ਜਿਲਾ ਸੰਚਾਲਕ ਸਾਥੀ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਮਜ਼ਦੂਰਾਂ ਦੇ ਪਿਛਲੇ ਛੇ ਮਹੀਨਿਆਂ ਦੇ ਕੰਮ ਕੀਤੇ ਦੇ ਸਰਕਾਰ ਪੈਸੇ ਨਹੀਂ ਦੇ ਰਹੀ, ਇਸੇ ਤਰਾਂ ਜਾਬ ਕਾਰਡ ਵੀ ਨਹੀਂ ਬਣਾਕੇ ਦਿੱਤੇ ਜਾ ਰਹੇ, ਅਤੇ ਨਾਹੀ ਜਾਬ ਕਾਰਡ ਤੇ ਮਜਦੂਰਾਂ ਦੀ ਹਾਜਰੀ ਲਗਾਈ ਜਾ ਰਹੀ, ਜਿਲੇ ਵਿੱਚ ਕਿਸੇ ਵੀ ਮਜਦੂਰ ਨੂੰ ਕੰਮ ਕਰਨ ਵਾਲਾ ਸਮਾਨ ਜਿਵੇਂ ਕਹੀਆਂ ਬਾਲਟੇ ਜਾਂ ਫਸਟਏਡ ਵਗੈਰਾ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ ।ਕੰਮ ਕਰਨ ਵਾਲੇ ਲੋਕਾਂ ਨੂੰ ਪੈਸੇ ਨਹੀਂ ਮਿਲਦੇ ਪਰ ਬਿਨਾਂ ਕੰਮ ਕਰਨ ਵਾਲਿਆਂ ਨੂੰ ਪੈਸੇ ਦਿੱਤੇ ਜਾਂਦੇ ਹਨ। ਇਸ ਮੌਕੇ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਵਲੋਂ ਮੰਗ ਕੀਤੀ ਗਈ ਕਿ ਨਰੇਗਾ ਮਜਦੂਰਾਂ ਨੂੰ ਉਸਾਰੀ ਮਜ਼ਦੂਰਾਂ ਵਾਲੀਆਂ ਸਹੂਲਤਾਂ ਦਿੱਤੀਆਂ ਜਾਣ ।ਨਰੇਗਾ ਮਜਦੂਰਾਂ ਨੂੰ ਮੁਫਤ ਮੈਡੀਕਲ ਸਹੂਲਤ ਦਿੱਤੀ ਜਾਵੇ ।ਇਸ ਮੁਜਾਹਰੇ ਕਰਮ ਕੌਰ ਕਸਮੀ ਸਿੰਘ ਗੁਰੂਵਾਲੀ, ਮੁਖਤਾਰ ਸਿੰਘ ਖਾਲਸਾ ਨਗਰ, ਬੂਟਾ ਸਿੰਘ, ਮਨਜੀਤ ਸਿੰਘ ਵਰਪਾਲ, ਰਾਜਵਿੰਦਰ ਕੌਰ ਕੋਟਲਾ ਗੁਜਰਾਂ, ਸਰਵਣ ਕੌਰ ਭੁੱਲਰ ਦਰਸ਼ਨ ਸਿੰਘ ਸਿੱਧਵਾਂ, ਦਵਿੰਦਰ ਸਿੰਘ ਬੱਠੂਚੱਕ, ਮੱਖਣ ਲੈਹਰਕਾ, ਸੁਖਵਿੰਦਰ ਸਿੰਘ, ਹਰਦਿਆਲ ਸਿੰਘ ਚਵਿੰਡਾ ਦੇਵੀ, ਹਰਜਿੰਦਰ ਕੱਥੂਨੰਗਲ, ਪੂਰਨ ਸਿੰਘ ਬਲਕਾਰ ਸਿੰਘ ਕੋਟਲਾ ਸੈਦਾਂ, ਜਗਜੀਤ ਸਿੰਘ ਬਾਬੋਵਾਲ ਕੁਲਵੰਤ ਕੌਰ ਕੈਰੋਨੰਗਲ ਵੱਡੇ ਕਾਫਲੇ ਲੈਕੇ ਇਸ ਪ੍ਰਦਰਸ਼ਨ ਵਿੱਚ ਸਾਮਿਲ ਹੋਏ ।ਅਖੀਰ ਵਿੱਚ ਐਸ.ਡੀ.ਐਮ.-2 ਮਨਕੰਵਲ ਸਿੰਘ ਚਾਹਲ ਨੇ ਮੰਗ ਪੱਤਰ ਪ੍ਰਾਪਤ ਕੀਤਾ ਅਤੇ ਜਿਹੜੀਆਂ ਮੰਗਾਂ ਸਾਡੇ ਯੋਗ ਹੋਣਗੀਆਂ ਉਹਨਾਂ ਨੂੰ ਲਾਗੂ ਕਰਾਵਾਂਗੇ ਅਤੇ ਜੋ ਪੰਜਾਬ ਅਤੇ ਕੇਂਦਰ ਯੋਗ ਹੋਣਗੀਆਂ ਉਹ ਉਹਨਾਂ ਨੂੰ ਭੇਜ ਦਿੱਤੀਆਂ ਜਾਣਗੀਆਂ ।ਇਹ ਉਹਨਾਂ ਨੇ ਮੰਗ ਪੱਤਰ ਪ੍ਰਾਪਤ ਕਰਦਿਆਂ ਕਹੇ ।ਡਾਕਟਰ ਬੂਟਾ ਸਿੰਘ ਭੱਟੀਕੇ ਨੇ ਸਾਰਿਆਂ ਸਾਥੀਆਂ ਦਾ ਧੰਨਵਾਦ ਕੀਤਾ।

# ਜੇਠੂਵਾਲ ਵਿਖੇ ਅਮਰ ਸ਼ਹੀਦ ਭਾਈ ਤਾਰੂ ਸਿੰਘ, ਸ਼ਹੀਦ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਚੌਕ ਮਹਿਤਾ, 25 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਨੌਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮ੍ਰਪਿਤ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਮੱਸਿਆ ਦੇ ਰਾਤਰੀ ਦੀਵਾਨ ਸਜਾਏ ਗਏ ਜਿਸ ਵਿਚ ਅਠਾਰਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਦੀਆਂ ਸ਼ਹਾਦਤਾਂ ਨੂੰ ਸਮ੍ਰਪਿਤ ਸ਼ਹੀਦੀ ਸਮਾਗਮ ਮਨਾਇਆ ਗਿਆ । ਜਿਸ ਵਿਚ ਪੰਥ ਦੇ ਮਹਾਨ ਵਿਦਵਾਨ ਕਥਾਵਾਚਕ ਗਿਆਨੀ ਗੁਰਲਾਲ ਸਿੰਘ ਜੀ ਵਲੋਂ ਸਿੱਖੀ ਸਿਦਕ, ਭਰੋਸਾ, ਤਿਆਗ, ਕੁਰਬਾਨੀ ਅਤੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀਆਂ ਖਾਲਸਾ ਪੰਥ ਤੇ ਬਖਸ਼ਿਸ਼ਾਂ ਦੇ ਵਿਸ਼ੇ ਤੇ ਸਿੱਖ ਸ੍ਰੋਤਾਂ ਚੋਂ ਭਾਵਪੂਰਤ ਵਿਚਾਰ ਰਖੇ ਗਿਆਨੀ ਜੀ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਨਮਾਨ ਕੀਤਾ ਗਿਆ। ਸਿੱਖ ਪ੍ਰਚਾਰਕ ਭਾਈ ਸ਼ਮਸ਼ੇਰ ਸਿੰਘ ਜੇਠੂਵਾਲ ਵਲੋਂ ਪ੍ਰੈੱਸ ਨੂੰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਮੱਸਿਆ ਦੇ ਇਹ ਵਿਸ਼ੇਸ਼ ਰਾਤਰੀ ਦੀਵਾਨ ਨੌਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਤਾਬਦੀ ਨੂੰ ਸਮ੍ਰਪਿਤ ਚੇਤਨਾ ਪੈਦਾ ਕਰਨ ਲਈ ਰਖੇ ਗਏ ਹਨ ।ਇਸ ਮੌਕੇ ਸਾਬਕਾ ਸਰਪੰਚ ਅਨੂਪ ਸਿੰਘ, ਦਿਲਦਾਰ ਸਿੰਘ, ਜਥੇਦਾਰ ਬਲਵਿੰਦਰ ਸਿੰਘ ਜੋਧਪੁਰੀ, ਸ਼ਮਸ਼ੇਰ ਸਿੰਘ ਜੇਠੂਵਾਲ, ਬਾਬਾ ਬਲਵਿੰਦਰ ਸਿੰਘ, ਉਸਤਾਦ ਮੰਗਲਜੀਤ ਸਿੰਘ, ਜਤਿੰਦਰ ਸਿੰਘ, ਗਿਆਨੀ ਦਲਜੀਤ ਸਿੰਘ ਮੱਲੂਵਾਲ, ਬਾਬਾ ਚਤਰ ਸਿੰਘ, ਇੰਸਪੈਕਟਰ ਹਰਦਿਆਲ ਸਿੰਘ, ਜਰਨੈਲ ਸਿੰਘ ਬਿੱਟੂ, ਡਾ.ਸੁਖਰਾਜ ਸਿੰਘ, ਬਿਕਰਮਜੀਤ ਸਿੰਘ, ਗੁਰਮੀਤ ਸਿੰਘ, ਹਰਦੇਵ ਸਿੰਘ, ਗੁਰਜੀਤ ਸਿੰਘ, ਚਰਨਜੀਤ ਸਿੰਘ, ਬਲਦੇਵ ਸਿੰਘ, ਬਾਬਾ ਹਰਪ੍ਰੀਤ ਸਿੰਘ, ਗੁਰਮੁਖਿ ਸਿੰਘ ਔਲਖ, ਜਗਵਿੰਦਰ ਸਿੰਘ ਨੰਬਰਦਾਰ ਆਦਿ ਹਾਜਰ ਸਨ।

# ਬੀਬੀ ਕੁਲਵਿੰਦਰ ਕੌਰ ਖ਼ਾਲਸਾ ਬਣੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਸਤਰੀ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ, ਪਾਰਟੀ ਦੇ ਫ਼ੈਸਲੇ ਦੀ ਸੰਗਤਾਂ ਵੱਲੋਂ ਸ਼ਲਾਘਾ



**ਅੰਮ੍ਰਿਤਸਰ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਨੂੰ ਪਾਰਟੀ ਦਾ ਪੰਜਾਬ ਤੋਂ ਇਸਤਰੀ ਵਿੰਗ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਬੀਬੀ ਕੁਲਵਿੰਦਰ ਕੌਰ ਖਾਲਸਾ ਜੋ ਪਹਿਲਾਂ ਪਾਰਟੀ ਦੇ ਇਸਤਰੀ ਵਿੰਗ ਦੇ ਗੁਰਦਾਸਪੁਰ ਤੋਂ ਜ਼ਿਲ੍ਹਾ ਪ੍ਰਧਾਨ ਸਨ ।ਉਹਨਾਂ ਦੀਆਂ ਸੇਵਾਵਾਂ, ਪੰਥ-ਪੰਜਾਬ ਅਤੇ ਪਾਰਟੀ ਪ੍ਰਤੀ ਘਾਲਣਾ, ਪੰਥਕ ਜਜ਼ਬਾ ਅਤੇ ਮਿਹਨਤ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ, ਕਾਰਜਕਾਰੀ ਪ੍ਰਧਾਨ ਸਰਦਾਰ ਇਮਾਨ ਸਿੰਘ ਮਾਨ ਅਤੇ ਇਸਤਰੀ ਵਿੰਗ ਪੰਜਾਬ ਪ੍ਰਧਾਨ ਬੀਬੀ ਰਜਿੰਦਰ ਕੌਰ ਜੈਤੋਂ ਨੇ ਇਹ ਫ਼ੈਸਲਾ ਲੈਂਦਿਆਂ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਨੂੰ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਉੱਤੇ ਲੈ ਆਂਦਾ ਹੈ। ਬੀਬੀ ਕੁਲਵਿੰਦਰ ਕੌਰ ਖ਼ਾਲਸਾ ਨੇ ਪਾਰਟੀ ਦੇ ਸਮੁੱਚੇ ਆਗੂਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮੈਂ ਇਸ ਸੇਵਾ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗੀ ਅਤੇ ਖ਼ਾਲਸਾ ਪੰਥ ਅਤੇ ਦੇਸ ਪੰਜਾਬ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਤੇ ਸੰਘਰਸ਼ਸ਼ੀਲ ਰਹਾਂਗੀ। ਜ਼ਿਕਰਯੋਗ ਹੈ ਕਿ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਜੋ ਖ਼ਾਲਿਸਤਾਨ ਲਿਬਰੇਸ਼ਨ ਆਰਗਨਾਈਜੇਸ਼ਨ ਦੇ ਮੁਖੀ ਅਤੇ ਖਾਲਿਸਤਾਨ ਆਰਮਡ ਫੋਰਸ ਦੇ ਲੈਫਟੀਨੈਂਟ ਜਨਰਲ ਸ਼ਹੀਦ ਭਾਈ ਪਰਮਜੀਤ ਸਿੰਘ ਪੰਮਾ ਉਰਫ ਬਾਬਾ ਨੰਦ (ਤੁਗਲਵਾਲਾ) ਦੀ ਸੁਪਤਨੀ ਹਨ। ਬੀਬੀ ਕੁਲਵਿੰਦਰ ਕੌਰ ਖਾਲਸਾ ਨੇ ਜੂਨ 1984 ਤੋਂ ਪਹਿਲਾਂ ਫੈਡਰੇਸ਼ਨ ਦੀ ਇਸਤਰੀ ਵਿੰਗ ਦੀ ਪ੍ਰਧਾਨ ਸ਼ਹੀਦ ਬੀਬੀ ਉਪਕਾਰ ਕੌਰ ਅਤੇ ਦਲ ਖਾਲਸਾ ਦੇ ਸ਼ਹੀਦ ਭਾਈ ਗੁਰਬਚਨ ਸਿੰਘ ਖਾਲਸਾ ਨਾਲ ਸੇਵਾਵਾਂ ਨਿਭਾਈਆਂ ਅਤੇ ਘੱਲੂਘਾਰੇ ਤੋਂ ਬਾਅਦ ਬੀਬੀ ਕੁਲਵਿੰਦਰ ਕੌਰ ਖਾਲਸਾ ਨੇ ਜੇਲ੍ਹਾਂ ਕੱਟੀਆਂ ਅਤੇ ਹਥਿਆਰਬੰਦ ਸੰਘਰਸ਼ ਵਿੱਚ ਵੀ ਅਹਿਮ ਯੋਗਦਾਨ ਪਾਇਆ। ਉਹ ਪਿਛਲੇ ਸਮੇਂ ਤੋਂ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵਿੱਚ ਵੀ ਸਰਗਰਮ ਰਹੇ ਅਤੇ ਹੁਣ ਪਿਛਲੇ ਕੁਝ ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚ ਸ਼ਾਮਿਲ ਹੋ ਕੇ ਅਹਿਮ ਯੋਗਦਾਨ ਪਾ ਰਹੇ ਹਨ। ਉਹਨਾਂ ਨੇ ਮੈਂਬਰ ਤੋਂ ਸਫਰ ਆਰੰਭ ਕੀਤਾ ਤੇ ਹੁਣ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਤੇ ਸੇਵਾਵਾਂ ਨਿਭਾਉਣਗੇ। ਉਹਨਾਂ ਦੀ ਹੋਈ ਇਸ ਨਵੀਂ ਨਿਯੁਕਤੀ ਦਾ ਪਤਾ ਲੱਗਦਿਆਂ ਹੀ ਪੰਥਕ ਜਥੇਬੰਦੀਆਂ ਦੇ ਆਗੂਆਂ ਤੇ ਸੰਗਤਾਂ ਵੱਲੋਂ ਉਹਨਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਤੇ ਪਾਰਟੀ ਦੇ ਇਸ ਫੈਸਲੇ ਪ੍ਰਤੀ ਬੇਹੱਦ ਖੁਸ਼ੀ ਜਾਹਿਰ ਅਤੇ ਸ਼ਲਾਘਾ ਕੀਤੀ ਜਾ ਰਹੀ ਹੈ।

# ਡਾ: ਉਬਰਾਏ ਦਾ ਮਕਬੂਲਪੁਰਾ ਖੇਤਰ ਦੇ ਲੋੜਵੰਦ ਬੱਚਿਆਂ ਦੀ ਸਿੱਖਿਆ ਲਈ ਵੱਡਾ ਉਪਰਾਲਾ

**ਅੰਮ੍ਰਿਤਸਰ, 25 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਦੁਬਈ ਦੇ ਪ੍ਰਸਿੱਧ ਕਾਰੋਬਾਰੀ ਅਤੇ ਲੋਕ ਸੇਵਾ ਲਈ ਆਪਣੇ ਜੇਬ ਵਿੱਚੋਂ ਹਰ ਮਹੀਨੇ ਕਰੋੜਾਂ ਰੁਪਏ ਖਰਚਣ ਵਾਲੇ ਡਾਕਟਰ ਐਸ.ਪੀ. ਸਿੰਘ ਉਬਰਾਏ ਦੀ ਅਗਵਾਈ ਹੇਠਲੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅੰਮ੍ਰਿਤਸਰ ਦੇ ਮਕਬੂਲਪੁਰਾ ਖੇਤਰ ’ਚ ਸਥਿਤ ਸਿਟੀਜ਼ਨ ਫ਼ੋਰਮ ਵਿੱਦਿਆ ਮੰਦਰ ਸਕੂਲ ਲਈ ਦਿੱਤੀ ਜਾਣ ਵਾਲੀ ਸਹਾਇਤਾ ਰਾਸ਼ੀ ਮੁੜ ਨਵਿਆ ਦਿੱਤੀ ਹੈ, ਜਿਸ ਤਹਿਤ ਇਸ ਸਕੂਲ ਨੂੰ ਹਰ ਮਹੀਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 25000 ਰੁਪਏ ਦੀ ਰਾਸ਼ੀ ਹਰ ਮਹੀਨੇ ਜਾਰੀ ਕੀਤੀ ਜਾਂਦੀ ਰਹੀ ਹੈ। ਜ਼ਿਕਰਯੋਗ ਹੈ ਕਿ ਸਿਟੀਜ਼ਨ ਫੋਰਮ ਵਿੱਦਿਆ ਮੰਦਰ ਸਕੂਲ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ.ਐਸ.ਪੀ. ਸਿੰਘ ਉਬਰਾਏ ਵੱਲੋਂ ਪਿਛਲੇ 12 ਸਾਲਾਂ ਤੋਂ ਲਗਾਤਾਰ 25 ਹਜ਼ਾਰ ਰੁਪਏ ਪ੍ਰਤੀ ਮਹੀਨਾ ਸਹਾਇਤਾ ਰਾਸ਼ੀ ਜਾਰੀ ਕੀਤੀ ਜਾ ਰਹੀ ਸੀ ਤਾਂ ਜੋ ਇਸ ਸਕੂਲ ਵਿੱਚ ਇਸ ਖੇਤਰ ਦੇ ਗਰੀਬ ਤੇ ਲੋੜਵੰਦ ਪਰਿਵਾਰਾਂ ਦੇ ਬੱਚੇ-ਬੱਚੀਆਂ ਨੂੰ ਪੜ੍ਹਾਉਣ ਵਾਸਤੇ ਅਤੇ ਉਚੇਰੀ ਸਿੱਖਿਆ ਲਈ ਤਿਆਰ ਕਰਨ ਵਾਸਤੇ ਇਸ ਸਕੂਲ ਵੱਲੋਂ ਕੀਤੀ ਜਾ ਰਹੀ ਸੇਵਾ ਨਿਰਵਿਘਨ ਜਾਰੀ ਰਹਿ ਸਕੇ। ਟਰੱਸਟ ਦੀ ਨਿਯਮਾਵਲੀ ਅਨੁਸਾਰ ਹਰ ਦਸ ਸਾਲ ਬਾਅਦ ਨਿਰੀਖਣ ਕਰਕੇ ਸਹਾਇਤਾ ਰਾਸ਼ੀ ਨੂੰ ਨਵੇਂ ਸਿਰਿਉਂ ਸ਼ੁਰੂ ਕਰਨ ਦੀ ਕਵਾਇਦ ਤਹਿਤ ਅੱਜ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਅੰਮ੍ਰਿਤਸਰ ਸਥਿਤ ਟੀਮ ਨੇ ਇਸ ਵਿੱਦਿਆ ਮੰਦਰ ਸਕੂਲ ਦਾ ਦੌਰਾ ਕਰਕੇ ਉਥੇ ਵਿਦਿਆਰਥਣਾਂ ਦੀ ਚੱਲ ਰਹੀ ਪੜ੍ਹਾਈ ਦੇ ਕਾਰਜ਼ ਦਾ ਨਿਰੀਖਣ ਕੀਤਾ ਅਤੇ ਇਸ ਸਕੂਲ ਦੇ ਬਾਨੀ ਮਾਸਟਰ ਅਜੀਤ ਸਿੰਘ ਤੇ ਸਟਾਫ਼ ਨੂੰ ਮਿਲ ਕੇ ਸਾਰੀ ਜਾਣਕਾਰੀ ਹਾਸਿਲ ਕੀਤੀ। ਇਸ ਉਪਰੰਤ ਟੀਮ ਵੱਲੋਂ ਡਾ.ਐਸ.ਪੀ. ਸਿੰਘ ਉਬਰਾਏ ਦੁਆਰਾ ਭੇਜਿਆ 25000 ਦਾ ਚੈੱਕ ਮੌਕੇ ’ਤੇ ਸਕੂਲ ਪ੍ਰਬੰਧਕਾਂ ਦੇ ਹਵਾਲੇ ਕਰ ਦਿੱਤਾ ਗਿਆ। ਡਾ.ਐਸ.ਪੀ. ਸਿੰਘ ਉਬਰਾਏ ਨੇ ਇਸ ਸਬੰਧੀ ਸਾਰੀ ਜਾਣਕਾਰੀ ਲੈਣ ਤੋਂ ਬਾਅਦ ਇਹ ਸਹਾਇਤਾ ਰਾਸ਼ੀ ਲਗਾਤਾਰ ਜਾਰੀ ਕਰਦੇ ਰਹਿਣ ਦੇ ਤੁਰੰਤ ਆਦੇਸ਼ ਵੀ ਦੇ ਦਿੱਤੇ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਇਸ ਸਕੂਲ ਨੂੰ ਮਾਸਟਰ ਅਜੀਤ ਸਿੰਘ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਆਪਣੇ ਛੋਟੇ ਜਿਹੇ ਘਰ ਵਿੱਚ ਚਾਲੂ ਕੀਤਾ ਗਿਆ ਸੀ ਤਾਂ ਜੋ ਇਸ ਖਿੱਤੇ ਦੇ ਗਰੀਬ ਪਰਿਵਾਰਾਂ ਦੇ ਬੱਚੇ ਵਿੱਦਿਆ ਪ੍ਰਾਪਤ ਕਰਨ ਤੋਂ ਵਾਂਝੇ ਨਾ ਰਹਿ ਜਾਣ।

# ਸ਼ਹਾਦਤ ਨੂੰ ਸੈਲ.ਫੀਆਂ ਤੋਂ ਭੰਗੜੇ ਤੱਕ ਲੈ ਜਾਣ ਵਾਲੇ ?

ਅੱਜ ਬੀਰ ਸਿੰਘ ਦਾ ਸ੍ਰੀਨਗਰ ਦੀ ਧਰਤੀ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੀਂ ਸ਼ਹਾਦਤ ਦੇ ਸਮਾਗਮ ਮੌਕੇ ਭੰਗੜਾ ਪਾਉਣ ਤੇ ਪਵਾਉਣ ਦਾ ਮਸਲਾ ਸਾਡੇ ਸਾਹਮਣੇ ਹੈ।

ਸਮਾਗਮ ਦੇ ਸੱਦਾ ਪੱਤਰ ਉੱਤੇ ਇਸ ਨੂੰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਸੂਫ਼ੀ ਗਾਇਨ ਦਾ 'ਆਤਮ ਗਾਇਨ' ਦੱਸਿਆ ਗਿਆ ਹੈ। ਕੀ ਇਹ ਆਤਮ ਗਾਇਨ ਰੰਗਾ ਰੰਗ ਪ੍ਰੋਗਰਾਮ ਵਿੱਚ ਅਚਾਨਕ ਹੀ ਬਦਲ ਗਿਆ ਜਾਂ ਇਸ ਦਾ ਕੋਈ ਪੈਟਰਨ ਹੈ ?

ਦਰ ਅਸਲ ਇਹ ਪਹਿਲੀ ਘਟਨਾ ਨਹੀਂ ਹੈ। ਬੀਰ ਸਿੰਘ ਦੇ ਮਸਲੇ ਦੀ ਵੀ ਗੱਲ ਕਰਦੇ ਹਾਂ। ਪਹਿਲੀ ਘਟਨਾ ਬਾਰੇ ਗੌ.ਰ ਫਰਮਾਉ !

27 ਅਪ੍ਰੈਲ 2025 ਨੂੰ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵਿਖੇ ਵੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਇੱਕ ਕਵੀਸ਼ਰੀ ਦਰਬਾਰ ਕਰਵਾਇਆ ਗਿਆ। ਇਸ ਕਵੀਸ਼ਰੀ ਦਰਬਾਰ

ਆਵਾਜ਼ਿ ਕੌਮ
AWAZE QAUM
International Newspaper & WEB TV

ਵਿੱਚ ਵੀ ਗੁਰੂ ਸਾਹਿਬ ਦੀ ਸ਼ਹਾਦਤ ਦੇ ਸਮਾਨਾਂਤਰ ਸਾਹਿਤ ਸਭਾਈ ਹਉਮੈ ਅਤੇ ਮਰਿਆਦਾ ਦੀ ਅਵੱਗਿਆ ਦਾ ਨੰਗਾ ਚਿੱਟਾ ਨਾਚ ਦੇਖਣ ਨੂੰ ਮਿਲਿਆ ਸੀ।

ਕਵੀਸ਼ਰੀ ਦਰਬਾਰ ਵਿੱਚ ਮੰਚ ਇਸ ਤਰ੍ਹਾਂ ਬਣਾਇਆ ਗਿਆ ਸੀ ਕਿ ਤਿੰਨ ਮੈਂਬਰੀ ਕਵੀਸ਼ਰਾਂ ਦੇ ਜੱਥੇ, ਇੱਕ ਬੰਦੇ ਦੇ ਬੋਲਣ ਵਾਲੇ ਡਾਈਸ ਜਿੰਨੀ ਜਗ੍ਹਾ ਵਿੱਚ ਇਕ ਖੂੰਜੇ ਵਿੱਚ ਖੜ੍ਹ ਕੇ ਕਵੀਸ਼ਰੀ ਰਾਹੀਂ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦੇ ਲਾਸਾਨੀ ਇਤਿਹਾਸ ਨੂੰ ਸ਼ਰਧਾਮਈ ਵੈਰਾਗਮਈ ਭਾਵਨਾ ਨਾਲ ਬਿਆਨ ਕਰ ਰਹੇ ਸਨ। ਜਦ ਕਿ ਪੂਰੀ ਸਟੇਜ ਦਾ ਕੇਂਦਰੀ ਹਿੱਸਾ ਦਰਜਨ ਤੋਂ ਵੱਧ ਪ੍ਰਧਾਨਾ ਦੇ ਪ੍ਰਧਾਨਗੀ ਮੰਡਲ ਨੇ ਘੇਰੀ ਹੋਈ ਸੀ, ਜੋ ਮੰਚ ਉੱਤੇ ਬੈਠੇ ਹਾਸਾ ਠੱਠਾ ਕਰਨ ਤੋਂ ਲੈ ਕੇ ਇੱਕ ਦੂਜੇ ਨਾਲ ਸੈਲਫ਼ੀਆਂ ਖਿੱਚਣ ਵਿੱਚ ਮਗਨ ਸੀ। ਉਹਨਾਂ ਨੂੰ ਕੋਈ ਪਰਵਾਹ ਨਹੀਂ ਸੀ ਕਿ ਉਨਾਂ ਦੇ ਸੱਜੇ ਪਾਸੇ ਇੱਕ ਖੂੰਜੇ ਵਿੱਚ ਕਵੀਸ਼ਰੀ ਦਰਬਾਰ ਚੱਲ ਰਿਹਾ ਹੈ, ਉਹਨਾਂ ਦਾ ਸੈਲਈ ਤੇ ਮਖੌਲੀਆ ਦਰਬਾਰ ਉਸੇ ਸਟੇਜ ਦੇ ਵਿਚਕਾਰ ਜੋ ਚੱਲ ਰਿਹਾ ਸੀ।

ਹੈਰਾਨੀ ਦੀ ਗੱਲ ਨਹੀਂ ਕਿ ਇਸ ਪ੍ਰਧਾਨਗੀ ਮੰਡਲ ਵਿੱਚ ਸਭਾ ਦਾ ਮੁੱਖ ਪ੍ਰਬੰਧਕ ਸੀਪੀਆਈ ਦਾ ਕਾਮਰੇਡ ਕਥਿਤ ਬੁੱਧੀਜੀਵੀ, ਕਵੀਸ਼ਰੀ ਦੀ ਵੱਡਾ ਉਸਤਾਦ ਸਦਾਉਂਦੀ ਸ਼ਖਸ਼ੀਅਤ, ਆਮ ਆਦਮੀ ਪਾਰਟੀ ਦਾ ਕਿਸੇ ਬੋਰਡ ਦਾ ਮੁਖੀ ਅਤੇ ਆਪਣਾ ਕਵੀਸ਼ਰੀ ਸਕੂਲ ਤੇ ਜੱਥਾ ਚਲਾਉਂਦਾ ਇੱਕ ਨੌਜਵਾਨ ਆਗੂ, ਇਹ ਬਹੁਤ ਸਾਰੇ ਐਨਆਰਆਈ ਸਪੋਂਸਰ, ਲੇਖਕ ਤੇ ਪੱਤਰਕਾਰ ਸ਼ਾਮਲ ਸਨ। ਇਹੀ ਨਹੀਂ ਜਿਵੇਂ-ਜਿਵੇਂ ਨਵੇਂ ਪ੍ਰਧਾਨ ਆਈ ਜਾਂਦੇ ਸਨ, ਮੰਚ 'ਤੇ ਉਵੇਂ-ਉਵੇਂ ਕੁਰਸੀਆਂ ਵੱਧਦੀਆਂ ਜਾਂਦੀਆਂ। ਇਕ ਵੇਲੇ ਮੰਚ 'ਤੇ ਕੁਰਸੀ ਰੱਖਣ ਦੀ ਤਾਂ ਛੱਡੋ ਖੜ੍ਹਨ ਦੀ ਵੀ ਜਗ੍ਹਾ ਨਹੀਂ ਸੀ।

ਉਸ ਤੋਂ ਵੀ ਜ਼ਿਆਦਾ ਹੈਰਾਨੀ ਦੀ ਗੱਲ ਹੈ ਕਿ ਇਸ ਕਵੀਸ਼ਰੀ ਦਰਬਾਰ ਦਾ ਪ੍ਰਬੰਧਕ ਤੇ ਸੰਚਾਲਕ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨਾਲ ਸੰਬੰਧਿਤ ਇੱਕ ਧਾਰਮਿਕ ਸਟੇਜੀ ਕਵੀ ਸੀ ਜੋ ਦੁਨੀਆ ਭਰ ਦੇ ਗੁਰਦੁਆਰਿਆਂ ਵਿੱਚ ਗੁਰੂ ਦੀ ਮਹਿਮਾ ਦੇ ਛੰਦ ਤੇ ਕਬਿੱਤ ਗਾਉਣ ਲਈ ਜਾਣਿਆ ਜਾਂਦਾ ਹੈ।

ਮੌਕੇ 'ਤੇ ਜਦੋਂ ਮੈਂ ਉਸ ਨੂੰ ਟੋਕਿਆ ਤੇ ਪੁੱਛਿਆ ਕਿ ਕੀ ਕਵੀਸ਼ਰੀ ਦਰਬਾਰ ਵਿੱਚ ਇਸ ਤਰ੍ਹਾਂ ਦੇ ਆਪਹੁਦਰੇ ਪ੍ਰਧਾਨਗੀ ਮੰਡਲ ਬਿਠਾਉਣ ਦਾ ਕੋਈ ਰਿਵਾਜ਼ ਹੈ ਤਾਂ ਉਸਨੇ ਮੰਨਿਆ ਕਿ ਨਹੀਂ। ਜਦੋਂ ਉਸ ਨੂੰ ਕਿਹਾ ਗਿਆ ਕਿ ਇਸ ਤਰ੍ਹਾਂ ਤਾਂ ਗੁਰੂ ਘਰ ਦੀ ਲਾਸਾਨੀ ਕਵੀਸ਼ਰੀ ਦੀ ਮਰਿਆਦਾ ਭੰਗ ਹੋ ਰਹੀ ਹੈ ਤਾਂ ਉਸਨੇ ਹੱਸ ਕੇ ਟਾਲਣਾ ਹੀ ਬੇਹਤਰ ਸਮਝਿਆ। ਉਸ ਨੂੰ ਟਾਲਦੇ ਦੇਖ ਕੇ ਦਾਸ ਨੂੰ ਇਹ ਵੀ ਕਹਿਣਾ ਪਿਆ ਕਿ ਕਾਮਰੇਡਾਂ ਨੇ ਤਾਂ ਸਾਹਿਤਕ ਦਰਬਾਰ ਕਹਿ ਕੇ ਪੱਲਾ ਛੁਡਾ ਲੈਣਾ ਹੈ, ਤੁਸੀਂ ਕਿਉਂ ਗੁਰੂ ਦੇ ਸਿੱਖ ਹੋ ਕੇ ਇਨ੍ਹਾਂ ਕਾਮਰੇਡਾਂ ਪਿੱਛੇ ਲੱਗ ਕੇ ਗੁਰੂ ਘਰ ਦੀ ਮਰਿਆਦਾ ਭੰਗ ਕਰਨ ਦੇ ਭਾਗੀ ਬਣ ਰਹੇ ਹੋ ? ਇਸ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ।

ਊਝ ਉਸ ਦਾ ਜਵਾਬ ਦੇਣ ਵੱਲ ਧਿਆਨ ਹੁੰਦਾ ਵੀ ਕਿਵੇਂ, ਉਹ ਤਾਂ ਵਿਦੇਸ਼ਾਂ ਤੋਂ ਆਏ ਆਪਣੇ ਮਿੱਤਰਾਂ ਤੇ ਪ੍ਰਸ਼ੰਸ਼ਕਾਂ ਵੱਲੋਂ ਮੰਚ ਤੋਂ ਕੀਤੀਆਂ ਜਾ ਰਹੀਆਂ ਪ੍ਰਸ਼ੰਸਾਵਾਂ 'ਤੇ ਹੀ ਮੰਤਰ ਮੁਗਧ ਸੀ। ਨਾਲੇ ਮੰਚ ਸੰਚਾਲਨ ਕਰਦਿਆਂ ਉਸ ਦਾ ਬਾਰ-ਬਾਰ ਦਾਅਵਾ ਸੀ ਕਿ 72 ਸਾਲਾਂ 'ਚ ਪੰਜਾਬੀ ਭਵਨ 'ਚ ਪਹਿਲੀ ਵਾਰ ਹੋਣ






ਵਾਲਾ ਕਵੀਸ਼ਰੀ ਦਰਬਾਰ, ਉਸ ਦੇ ਨਿੱਜੀ ਚੈਨਲ 'ਤੇ ਲਾਈਵ ਚੱਲ ਰਿਹਾ ਸੀ। ਉਸ ਨੇ ਇਸ ਗੱਲ ਵੱਲ ਗੌਰ ਨਹੀਂ ਕੀਤਾ ਕਿ ਗੁਰੂ ਕਾਲ ਤੋਂ ਲੈ ਕੇ ਇੰਨੀਆਂ ਸਦੀਆਂ ਵਿੱਚ ਉਸ ਦੇ ਸੰਚਾਲਨ ਵਿੱਚ ਹੀ ਗੁਰੂ ਘਰ ਦੀ ਮਰਿਆਦਾ ਭੰਗ ਹੋ ਰਹੀ ਸੀ। ਨਾ ਹੀ ਉਸ ਨੂੰ ਰੱਤੀ ਭਰ ਅਹਿਸਾਸ ਸੀ ਕਿ ਉਸ ਦੇ ਯੂਟੀਊਬ 'ਤੇ ਚੱਲ ਰਹੇ ਲਾਈਵ ਵਿੱਚ ਦੁਨੀਆ ਭਰ ਵਿੱਚ ਬੈਠੇ ਲੋਕ ਕਵੀਸ਼ਰੀ ਦਰਬਾਰ ਤੋਂ ਧਿਆਨ ਭਟਕਾ ਰਹੇ ਪ੍ਰਧਾਨਗੀ ਮੰਡਲ ਦੀਆਂ ਆਪਹੁਦਰੀਆਂ ਤੇ ਸੈਲਫੀਆਂ ਦੇ ਪੋਜ਼ ਵੀ ਦੇਖ ਰਹੇ ਸਨ।

ਹੋਰ ਤਾਂ ਹੋਰ ਅਕੈਡਮੀ ਦਾ ਕਾਮਰੇਡ ਮੁੱਖ ਪ੍ਰਬੰਧਕ ਕਥਿਤ ਬੁੱਧੀਜੀਵੀ ਮੰਚ ਤੋਂ ਦਿੱਤੇ ਭਾਸ਼ਣ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜਾਂ ਸ਼ਹਾਦਤ ਬਾਰੇ ਤਾਂ ਕੁਝ ਨਹੀਂ ਬੋਲਿਆ ਪਰ ਸਾਹਿਤ ਅਕਾਦਮੀ ਦੇ ਲੇਖਕਾਂ ਦੇ ਵੱਖ-ਵੱਖ ਧੜਿਆਂ ਬਾਰੇ ਸਿਆਸੀ ਟਿੱਪਣੀਆਂ ਕਰਨ 'ਤੇ ਉਸ ਨੇ ਪੂਰਾ ਜ਼ੋਰ ਲਾਇਆ।

ਇਸੇ ਤਰ੍ਹਾਂ ਪ੍ਰਧਾਨਗੀ ਮੰਡਲ ਵਿੱਚ ਬੈਠੇ ਦਰਜਨ ਤੋਂ ਵੱਧ ਬੰਦਿਆਂ ਨੇ ਵੀ ਆਪਣੇ ਪ੍ਰਧਾਨਗੀ ਭਾਸ਼ਣਾਂ ਵਿੱਚ ਗੁਰੂ ਸਾਹਿਬ ਬਾਰੇ ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਕੋਈ ਗੱਲ ਨਹੀਂ ਕੀਤੀ। ਸਭ ਦਾ ਧਿਆਨ ਆਪਣੀ ਪ੍ਰਸ਼ੰਸਾ ਕਰਨ ਜਾਂ ਆਪਣੀ ਕਵਿਤਾ ਸੁਣਾਉਣ ਤੱਕ ਲੱਗਾ ਰਿਹਾ। ਸ਼ਾਇਦ ਇੱਕ ਜਾਂ ਦੋ ਬੰਦਿਆਂ ਨੇ ਹੀ ਗੁਰੂ ਸਾਹਿਬ ਦੀ ਗੱਲ ਕੀਤੀ।

ਸੋ ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ 72 ਸਾਲਾਂ 'ਚ ਪਹਿਲੀ ਵਾਰ ਕੀਤਾ ਗਿਆ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦਾ ਕਵੀਸ਼ਰੀ ਦਰਬਾਰ ਸੰਪੰਨ ਹੋਇਆ।

ਬੀਤੇ ਕੱਲ੍ਹ ਜੋ ਬੀਰ ਸਿੰਘ ਨੇ ਕੀਤਾ ਤੇ ਜਿੰਨਾ ਪ੍ਰਬੰਧਕਾਂ ਦੀ ਹਾਜ਼ਰੀ ਵਿੱਚ ਹੋਇਆ ਭਾਵੇਂ ਉਹ ਪੰਜਾਬੀ ਭਵਨ ਵਾਲੇ ਕਵੀਸ਼ਰੀ ਦਰਬਾਰ ਦਾ ਹਿੱਸਾ ਨਹੀਂ ਸਨ ਪਰ ਸਾਹਿਤ ਸਭਾਈ ਸੁਭਾਅ ਪੱਖੋਂ ਉਹ ਇਹਨਾਂ ਵਰਗੇ ਹੀ ਹਨ।

ਅੱਜ ਬੀਰ ਸਿੰਘ ਵੱਲੋਂ ਵੀਡੀਓ ਜਾਰੀ ਕਰਕੇ ਐਲਾਨਿਆ ਗਿਆ ਮਾਫ਼ੀਨਾਮਾ ਵੀ ਬੋਗਸ ਅਤੇ ਸਰਕਾਰੀ ਜਿਹਾ ਲੱਗ ਰਿਹਾ ਹੈ। ਜਿਵੇਂ ਸਰਕਾਰ ਕਿਸੇ ਵੱਡੇ ਘਪਲੇ ਵਿੱਚ ਵੱਡੇ ਚਿਹਰਿਆਂ ਤੇ ਰੁਤਬਿਆਂ ਨੂੰ ਬਚਾਉਣ ਲਈ ਹੇਠਲੇ ਮੁਲਾਜ਼ਮਾਂ ਨੂੰ ਬਰਖ਼ਾਸਤ ਕਰਕੇ ਕਾਰਵਾਈ ਕਰਨ ਦਾ ਢੌਂਗ ਕਰ ਦਿੰਦੀ ਹੈ, ਉਵੇਂ ਹੀ ਅੱਜ ਬੀਰ ਸਿੰਘ ਨੇ ਆਪਣੀ ਇੱਕ ਨਿੱਜੀ ਟੀਮ ਨੂੰ ਬਰਖ਼ਾਸਤ ਕਰਕੇ ਆਪਣੇ ਆਪ ਨੂੰ ਪਾਕ ਸਾਫ਼ ਕਰਨ ਦੀ ਚਾਰਾਜੋਈ ਕੀਤੀ ਹੈ।

ਸੋਚਣ ਵਾਲੀ ਗੱਲ ਇਹ ਹੈ ਕਿ ਜੇ ਬੀਰ ਸਿੰਘ ਨੂੰ ਪਤਾ ਹੀ ਨਹੀਂ ਕਿ ਉਹ ਕਿੱਥੇ ਜਾ ਰਿਹਾ ਹੈ ਤੇ ਉੱਥੇ ਕੀ ਸਮਾਗਮ ਹੈ ਤਾਂ ਉਹ ਉਥੇ ਕਰਨ ਕੀ ਜਾ ਰਿਹਾ ਹੈ ? ਕੀ ਉਸ ਦੀ ਮੈਨੇਜਮੈਂਟ ਟੀਮ ਉਸ ਨੂੰ ਨਹੀਂ ਦੱਸਦੀ ਕਿ ਉਹ ਵਿਆਹ ਦੇ ਸਮਾਗਮ ਦੀ ਬੁਕਿੰਗ ਹੈ ਜਾਂ ਧਾਰਮਿਕ ਸਮਾਗਮ ਦੀ ਬੁਕਿੰਗ ਹੈ। ਜਦੋਂ ਬੀਰ ਸਿੰਘ ਗਾਇਕੀ ਦੇ ਮੁਕਾਬਲੇ ਦੀ ਜੱਜਮੈਂਟ 'ਤੇ ਜਾਂਦਾ ਹੈ, ਉਦੋਂ ਉਸਨੂੰ ਪਤਾ ਨਹੀਂ ਹੁੰਦਾ ਕਿ ਉਹ ਜੱਜ ਦੇ ਤੌਰ 'ਤੇ ਜਾ ਰਿਹਾ ਹੈ। ਲੱਗਦਾ ਹੈ ਸਾਰੇ ਹੀ ਮੰਨਦੇ ਹਨ ਕਿ ਸੰਗਤ ਭੋਲੀ ਹੈ ਤੇ ਸੰਗਤ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਜਾ ਸਕਦਾ ਹੈ। ਜਦ ਕਿ ਦੋ ਦਸੰਬਰ ਦੀ ਅਕਾਲ ਤਖਤ ਸਾਹਿਬ ਦੀ ਕਾਰਵਾਈ ਨੇ ਦੱਸ ਦਿੱਤਾ ਹੈ ਕਿ ਸੰਗਤ ਇੰਨੀ ਵੀ ਭੋਲੀ ਨਹੀਂ। ਬੀਰ ਸਿੰਘ ਦਾ ਬਣਦਾ ਤਾਂ ਇਹ ਹੈ ਕਿ ਗਲ ਵਿੱਚ ਪੱਲਾ ਪਾ ਕੇ ਅਕਾਲ ਤਖਤ 'ਤੇ ਪੇਸ਼ ਹੋ ਕੇ ਭੁੱਲ ਬਖ਼ਸ਼ਾ ਸਕਦਾ ਹੈ, ਗੁਰੂ ਬਖਸ਼ਣਹਾਰ ਹੈ, ਇਹ ਤਾਂ ਉਸਨੇ ਆਪ ਹੀ ਕਿਹਾ ਹੈ। ਗੁਰੂ ਪਰ ਬਖ਼ਸ਼ੇਗਾ ਤਾਂ ਜੇ ਗੁਰੂ ਦਾ ਸਿੱਖ ਆਪਣੀ ਭੁੱਲ ਮੰਨੇਗਾ... ਮੈਨੇਜਮੈਂਟ 'ਤੇ ਪਾ ਕੇ ਤਾਂ ਭੁੱਲਾਂ ਬਖਸ਼ਾਈਆਂ ਨਹੀਂ ਜਾ ਸਕਦੀਆਂ...

ਦਰਅਸਲ ਇਹ ਸਾਰਾ ਮਸਲਾ ਸਾਹਿਤ ਸਭਾਈ ਘੇਰੇ ਦਾ ਹੈ। ਜਿਸ ਬਾਰੇ ਮੈਂ ਬਾਰ-ਬਾਰ ਆਵਾਜ਼ ਵੀ ਉਠਾਉਂਦਾ ਰਿਹਾ ਹਾਂ, ਸੁਚੇਤ ਵੀ ਕਰਦਾ ਰਿਹਾ ਹਾਂ ਅਤੇ ਨੁਕਸਾਨ ਵੀ ਝੱਲਦਾ ਰਿਹਾ ਹਾਂ। ਇੱਥੇ ਬੀਰ ਸਿੰਘ ਵੀ ਇੱਕ ਖ਼ਾਸ ਸਾਹਿਤਕ ਘੇਰੇ ਦਾ ਹੀ ਬੰਦਾ ਹੈ। ਕੀ ਉਸ ਘੇਰੇ ਨੂੰ ਬੀਰ ਸਿੰਘ ਨੂੰ ਕਿਸੇ ਸਮਾਗਮ ਵਿੱਚ ਸੱਦਣ ਲਈ ਮੈਨੇਜਮੈਂਟ ਨਾਲ ਸੰਪਰਕ ਕਰਨ ਦੀ ਲੋੜ ਹੈ ? ਮੈਨੂੰ ਨਹੀਂ ਲਗਦਾ। ਉਸਦਾ ਸਿੱਧਾ ਸੰਪਰਕ ਸਭ ਤੋਂ ਵੱਡੇ ਪ੍ਰਬੰਧਕ ਨਾਲ ਹੋਵੇਗਾ। ਉਹ ਪਹਿਲਾਂ ਵੀ ਅਜਿਹੇ ਘੇਰਿਆਂ ਦੇ ਸਮਾਗਮਾਂ ਵਿੱਚ ਸ਼ਾਮਿਲ ਹੁੰਦਾ ਰਿਹਾ ਹੈ।

ਨਾਲੇ ਮੈਨੇਜਮੈਂਟ ਨੇ ਸਿਰਫ਼ ਕੈਲੰਡਰ ਤੇ ਆਉਣ ਜਾਣ ਦੇ ਪ੍ਰਬੰਧ ਕਰਨੇ ਹੁੰਦੇ ਹਨ, ਸਟੇਜ ਤੇ ਕੀ ਗਾਉਣਾ ਹੈ ਤੇ ਕੀ ਨਹੀਂ ਗਾਉਣਾ, ਇਸ ਦਾ ਪ੍ਰਬੰਧ ਮੈਨੇਜਮੈਂਟ ਨੇ ਥੋੜ੍ਹੀ ਕਲਾਕਾਰ ਨੇ ਆਪ ਕਰਨਾ ਹੁੰਦਾ ਹੈ। ਕੀ ਬੀਰ ਸਿੰਘ ਵਰਗਾ ਕਲਾਕਾਰ ਕੋਈ ਹੋਮਵਰਕ ਕਰਦਾ ਹੀ ਨਹੀਂ ? ਬੜੇ ਅਫ਼ਸੋਸ ਦੀ ਗੱਲ ਹੈ।

ਘੇਰੇ ਦਾ ਮੰਤਵ ਅਤੇ ਸਮੱਸਿਆ ਇਹ ਹੈ ਕਿ ਉਸਨੇ ਆਪਣੇ ਘੇਰੇ ਦੇ ਹਰ ਬੰਦੇ ਨੂੰ ਹਰ ਵਰਤਾਰੇ ਉੱਤੇ ਫਿੱਟ ਕਰਨਾ ਹੁੰਦਾ ਹੈ। ਘੇਰਾ ਕਦੇ ਵੀ ਇਹ ਨਹੀਂ ਕਰਦਾ ਕਿ ਜਿਸ ਵਿਸ਼ੇ ਬਾਰੇ ਸਮਾਗਮ ਹੈ ਉਸ ਨਾਲ ਸੰਬੰਧਿਤ ਸ਼ਖ਼ਸੀਅਤਾਂ ਨੂੰ ਉਸ ਵਿੱਚ ਸ਼ਾਮਿਲ ਕੀਤਾ ਜਾਵੇ ਬਲਕਿ ਘੇਰਾ ਇਹ ਕਰਦਾ ਹੈ ਕਿ ਆਪਣੇ ਘੇਰੇ ਵਿੱਚੋਂ ਉਨ੍ਹਾਂ ਬੰਦਿਆਂ ਨੂੰ ਲੱਭਿਆ ਜਾਵੇ ਜਿਸ ਨੂੰ ਉਸ ਵਿਸ਼ੇ ਉੱਤੇ ਫਿਟ ਕੀਤਾ ਜਾ ਸਕਦਾ ਹੈ। ਘੇਰਾ ਇਹ ਨਹੀਂ ਕਹਿੰਦਾ ਕਿ ਫਲਾਣਾ ਬੰਦਾ ਉਸ ਵਿਸ਼ੇ ਦੀ ਜਾਣਕਾਰੀ ਨਹੀਂ ਹੈ ਬਲਕਿ ਘੇਰਾ ਇਹ ਕਹਿੰਦਾ ਹੈ ਕਿ ਇਹ ਉਸ ਵਿਸ਼ੇ ਦਾ 'ਦੂਜਾ ਪਾਸਾ' ਹੈ। ਘੇਰਾ ਹਰ ਮਰਿਆਦਾ ਦੇ ਉਲਟ ਵਰਤਾਰੇ ਨੂੰ ਅਮਰਿਆਦਾ ਕਹਿਣ ਦੀ ਬਜਾਏ ਉਸਨੂੰ ਦੂਜਾ ਪਾਸਾ ਕਹਿ ਕੇ ਜਸਟੀਫਾਈ ਕਰਦਾ ਹੈ।

ਜੇ ਤੁਸੀਂ ਇਸ ਤਰ੍ਹਾਂ ਦੇ ਸਾਹਿਤਕ ਘੇਰੇ ਦੇ ਇਤਿਹਾਸ ਨੂੰ ਧਿਆਨ ਨਾਲ ਦੇਖੋ ਤਾਂ ਇਸ ਘੇਰੇ ਦੇ ਕੁਝ ਕੁ ਵਿਦਵਾਨ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਤੱਕ, ਹਰ ਸਾਹਿਤਕ, ਸਮਾਜਿਕ, ਸੱਭਿਆਚਾਰਕ ਵਰਤਾਰੇ ਤੇ ਵਿਚਾਰਧਾਰਾ ਦੇ ਵੀ ਮਾਹਿਰ ਹਨ, ਸਿਆਸੀ ਉਥਲ ਪੁਥਲ ਤੋਂ ਲੈ ਕੇ ਟੈਕਨੋਲਜੀ ਦੀ ਘੇਰਾਬੰਦੀ ਤੱਕ ਹਰ ਵਿਸ਼ੇ ਦੇ ਵਿਦਵਾਨ ਹਨ। ਮੌਕਾ ਆਉਂਦਾ ਹੈ ਤਾਂ ਉਹ ਕਲਾ ਤੋਂ ਲੈ ਕੇ ਆਰਟੀਫਿਸ਼ਅਲ ਇੰਟੈਲੀਜੈਂਸ ਤੋਂ ਹੁੰਦੇ ਹੋਏ, ਮੀਡੀਆ ਤੇ ਸੋਸ਼ਲ ਮੀਡੀਆ ਤੱਕ ਦੇ ਵੀ ਵਿਦਵਾਨ ਹੋ ਜਾਂਦੇ ਹਨ।

ਸਰਕਾਰਾਂ, ਅਦਾਰੇ ਤੇ ਵਰਤਾਰੇ ਬਦਲਦੇ ਹਨ, ਵਿਸ਼ੇ ਤੇ ਸਥਾਨ ਨਵੇਂ ਸ਼ਾਮਲ ਹੋ ਜਾਂਦੇ ਹਨ ਪਰ ਵਿਦਵਾਨ ਤੇ ਚਿਹਰੇ ਉਹੀ ਰਹਿੰਦੇ ਹਨ। ਹਰ ਥਾਂ 'ਤੇ ਫਿੱਟ ਹੋ ਜਾਂਦੇ ਹਨ ਹਰ ਥਾਂ 'ਤੇ ਫਿੱਟ ਕਰ ਲਏ ਜਾਂਦੇ ਹਨ। ਇਸੇ ਕਰਕੇ ਪੂਰੇ ਘੇਰੇ ਵਿੱਚ ਸਭ ਵਿਦਵਾਨ ਹਨ ਪਰ ਕੋਈ ਇਕ-ਦੂਜੇ ਨੂੰ ਟੋਕਣ ਜਾਂ ਰੋਕਣ ਵਿੱਚ ਯਕੀਨ ਨਹੀਂ ਰੱਖਦਾ।

ਜੋ ਬੀਰ ਸਿੰਘ ਨੇ ਸ਼ਹਾਦਤ ਤੇ ਭੰਗੜਾ ਪਾਇਆ ਹੈ ਤੇ ਪਵਾਇਆ ਹੈ ਇਹ ਇਸੇ ਘੇਰਾਬੰਦੀ ਦਾ ਨਤੀਜਾ ਹੈ। ਜੇ ਇਤਿਹਾਸ ਫਰੋਲਿਆ ਜਾਵੇ ਤਾਂ ਬਹੁਤ ਸਾਰੇ ਵਰਕੇ ਲੱਭਣਗੇ ਜਦੋਂ ਘੇਰਿਆਂ ਦੀਆਂ ਅਕਾਲ ਤਖਤ 'ਤੇ ਪੇਸ਼ ਹੋਣ ਦੀਆਂ ਸਥਿਤੀਆਂ ਪੈਦਾ ਹੋਈਆਂ ਹੋਣਗੀਆਂ। ਉਹ ਗੱਲ ਵੱਖਰੀ ਹੈ ਕਿ ਪਹਿਲਾਂ ਵੀ ਸੁਰਖੁਰੂ ਹੋ ਕੇ ਨਿਕਲਦੇ ਰਹੇ ਹੋਣਗੇ ਤੇ ਅੱਗੇ ਵੀ ਸੁਰਖੁਰੂ ਹੋ ਕੇ ਨਿਕਲਦੇ ਰਹਿਣਗੇ। ਇਹੀ ਘੇਰੇ ਦੀ ਤਾਕਤ ਹੈ।

ਪਰ ਹੁਣ ਇਹ ਭਰਮ ਨਹੀਂ ਰਹਿ ਜਾਣਾ ਚਾਹੀਦਾ ਕਿ ਸੰਗਤ ਨੂੰ ਕੁਝ ਨਹੀਂ ਪਤਾ। ਗੁਰੂ ਜਾਣੀ ਜਾਣ ਹੈ ਸੰਗਤ ਸਭ ਦੇਖ ਕੇ ਵੀ ਗੁਰੂ ਦੇ ਭਾਣੇ ਵਿੱਚ ਹੈ।

ਇਸ ਮੌਕੇ ਮੈਂ ਸਮੂਹ ਸਿੱਖ ਨੌਜਵਾਨਾਂ ਨੂੰ ਇਹ ਜ਼ਰੂਰ ਬੇਨਤੀ ਕਰੂੰਗਾ ਕਿ ਇਸ ਵਰਤਾਰੇ ਬਾਰੇ ਸਿਧਾਂਤਕ ਤੇ ਸੰਗਤੀ ਰੂਪ ਵਿੱਚ ਆਪਣੀ ਭਰਵੀਂ ਪ੍ਰਤਿਕਿਰਿਆ ਤਾਂ ਜ਼ਰੂਰ ਦੇਣ ਪਰ ਗੁਰੂ ਵੱਲੋਂ ਬਖ਼ਸ਼ੇ ਬਿਬੇਕ ਦਾ ਪੱਲਾ ਜ਼ਰੂਰ ਫੜ ਕੇ ਰੱਖਣ ਨਹੀਂ ਤਾਂ ਘੇਰਿਆਂ ਦਾ ਪੁਰਾਣਾ ਪੈਂਤਰਾ ਹੈ ਕਿ ਪਹਿਲਾਂ ਸੰਗਤ ਦੇ ਹਿਰਦਿਆਂ ਨੂੰ ਠੇਸ ਪਹੁੰਚਾਉਂਦੇ ਹਨ ਤੇ ਜਦੋਂ ਰੋਸ ਵਿੱਚ ਆਈ ਸੰਗਤ ਜੋਸ਼ ਦਿਖਾਉਂਦੀ ਹੈ ਤਾਂ ਘੇਰੇ ਜੋਸ਼ ਨੂੰ ਨਿੰਦਣ ਦਾ ਬਹਾਨਾ ਬਣਾ ਕੇ ਰੋਸ ਨੂੰ ਰੱਦ ਕਰਨ ਦੇ ਆਹਰ ਵਿੱਚ ਜੁੱਟ ਜਾਂਦੇ ਹਨ।

ਅਰਦਾਸ ਕਰਦੇ ਹਾਂ ਕਿ ਸਤਿਗੁਰ ਸੱਚੇ ਪਾਤਸ਼ਾਹ ਸਾਨੂੰ ਸਭ ਨੂੰ ਸੁਮੱਤ ਬਖਸ਼ਣ !

ਹੋਈਆਂ ਭੁੱਲਾਂ ਦੀ ਖਿਮਾ ਬਖਸ਼ਣ !

ਚੜ੍ਹਦੀ ਕਲਾ !

**-ਦੀਪ ਜਗਦੀਪ ਸਿੰਘ**

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਜਥੇਦਾਰ ਵਧਾਵਾ ਸਿੰਘ ਬੱਬਰ ਵੱਲੋਂ ਬੱਬਰ ਖਾਲਸਾ ਜਥੇਬੰਦੀ ਦੇ ਨਾਮ ਤੇ ਫਿਰੌਤੀਆਂ ਮੰਗਣ ਵਾਲਿਆਂ ਨੂੰ ਸਖ਼ਤ ਤਾੜਨਾ



ਸਿੱਖ ਧਰਮ ਦੀ ਅਰੰਭਤਾ ਤੋਂ ਹੀ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਇਹ ਅਟੱਲ ਸਿਧਾਂਤ ਦ੍ਰਿੜ ਕਰਾਇਆ ਸੀ ਕਿ ਮਨੁੱਖ ਨੇ ਕਦੇ ਵੀ ਜ਼ਾਲਮ ਦੀ ਗੁਲਾਮੀ ਨੂੰ ਪ੍ਰਵਾਨ ਨਹੀਂ ਕਰਨਾ। ਗੁਰੂ ਸਾਹਿਬ ਦਾ ਉਪਦੇਸ਼ ਸੀ ਕਿ ਜ਼ੁਲਮ ਅਤੇ ਜਬਰ ਦੇ ਸਾਂਹਵੇਂ ਝੁਕਣ ਦੀ ਬਜਾਏ, ਉਸ ਦੀ ਤਾਕਤ ਨੂੰ ਵੰਗਾਰਨਾ, ਜ਼ੁਲਮ ਦਾ ਨਾਸ਼ ਕਰਨਾ ਅਤੇ ਸਵੈਮਾਣ ਤੇ ਆਜ਼ਾਦੀ ਵਾਲਾ ਜੀਵਨ ਹਾਸਲ ਕਰਨ ਲਈ ਹਮੇਸ਼ਾ ਸੰਘਰਸ਼ਸ਼ੀਲ ਰਹਿਣਾ ਹੈ। ਸਮੇਂ ਸਮੇਂ ਗੁਰੂ ਸਾਹਿਬਾਨ ਅਤੇ ਸਿੱਖਾਂ ਨੇ ਜ਼ਾਲਮ ਹਕੂਮਤਾਂ ਵਿਰੁੱਧ ਸੰਘਰਸ਼ ਕੀਤਾ ਅਤੇ ਆਪਣੀ ਅਜ਼ਾਦ ਪ੍ਰਭੂਸਤਾ ਨੂੰ ਸਥਾਪਿਤ ਕਰਨ ਲਈ ਤਤਪਰ ਰਹੇ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪਹਿਲੇ ਖਾਲਸਾ ਰਾਜ ਦੀ ਸਥਾਪਨਾ ਹੋਈ, ਜਿਸ ਨੇ ਸਿੱਧ ਕੀਤਾ ਕਿ ਗੁਰੂ ਦੇ ਸਿੱਖ ਜ਼ੁਲਮ ਦਾ ਅੰਤ ਕਰਕੇ ਆਪਣਾ ਰਾਜ ਸਥਾਪਤ ਕਰਨ ਦੀ ਸਮਰੱਥਾ ਰੱਖਦੇ ਹਨ। ਇਸ ਤੋਂ ਬਾਅਦ 12 ਮਿਸਲਾਂ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਨੇ ਇਸ ਖਿੱਤੇ 'ਤੇ ਸਿੱਖ ਪ੍ਰਭੂਸੱਤਾ ਦੀ ਮੋਹਰ ਲਗਾਈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ-ਜਦੋਂ ਖਾਲਸਾ ਪੰਥ ਗੁਰੂ-ਆਸ਼ੇ, ਗੁਰ-ਹੁਕਮਾਂ ਅਤੇ ਗੁਰਮਤਿ ਦੇ ਸਿਧਾਂਤਾਂ 'ਤੇ ਚੱਲ ਕੇ ਸੰਘਰਸ਼ ਕਰਦਾ ਰਿਹਾ, ਉਦੋਂ-ਉਦੋਂ ਕੌਮ ਚੜ੍ਹਦੀ ਕਲਾ ਵਿੱਚ ਰਹੀ। ਪਰ ਜਦੋਂ ਵੀ ਸਿੱਖੀ ਦੇ ਰਾਹ ਤੋਂ ਭਟਕ ਕੇ ਨਿੱਜੀ ਸਵਾਰਥਾਂ ਜਾਂ ਗੁਰੂ ਦੇ ਹੁਕਮਾਂ ਦੀ ਅਵੱਗਿਆ ਹੋਈ, ਉਦੋਂ ਹੀ ਕੌਮ ਢਹਿੰਦੀ ਕਲਾ ਵੱਲ ਗਈ ਅਤੇ ਅੰਤ ਵਿੱਚ ਖਾਲਸਾ ਰਾਜ ਦਾ ਸੂਰਜ ਅਸਤ ਹੋ ਗਿਆ। ਖਾਲਸਾ ਰਾਜ ਖੁਸ ਜਾਣ ਤੋਂ ਬਾਅਦ ਅੰਗਰੇਜ਼ਾਂ ਦੇ ਰਾਜ ਅਤੇ 1947 ਦੀ ਭਾਰਤ ਦੀ ਵੰਡ ਤੋਂ ਬਾਅਦ, ਸਿੱਖ ਕੌਮ ਲੰਮਾ ਸਮਾਂ ਆਪਣੀ ਦੁਰਦਸ਼ਾ ਪ੍ਰਤੀ ਸੁਚੇਤ ਨਾ ਰਹਿ ਸਕੀ। 1978 ਦੀ ਵਿਸਾਖੀ ਦਾ ਦਿਹਾੜਾ ਇੱਕ ਨਵਾਂ ਮੋੜ ਲੈ ਕੇ ਆਇਆ। ਇਸ ਦਿਨ ਭਾਈ ਫੌਜਾ ਸਿੰਘ ਜੀ ਦੀ ਅਗਵਾਈ ਵਿੱਚ 13 ਸ਼ਹੀਦ ਸਿੰਘਾਂ ਨੇ ਆਪਣਾ ਖੂਨ ਡੋਲ੍ਹ ਕੇ ਸੁੱਤੀ ਹੋਈ ਕੌਮ ਨੂੰ ਝੰਜੋੜਿਆ ਅਤੇ ਕੌਮ ਨੂੰ ਇਹ ਚਿੱਟੇ ਦਿਨ ਵਾਂਗ ਸਪੱਸ਼ਟ ਕਰ ਦਿੱਤਾ ਕਿ ਭਾਰਤ ਦੀ ਧਰਤੀ 'ਤੇ ਸਿੱਖੀ ਦੇ ਦੁਸ਼ਮਣ ਅੱਜ ਵੀ ਸਰਗਰਮ ਹਨ। ਇਹ ਸਾਬਤ ਹੋ ਗਿਆ ਕਿ ਸਿੱਖੀ ਉੱਤੇ ਹਮਲਾਵਰ ਗੁਰੂਡੰਮ ਦੇ ਪਿੱਛੇ ਬ੍ਰਾਹਮਣਵਾਦੀ ਰਾਜਸੀ ਤਾਕਤ ਕੰਮ ਕਰ ਰਹੀ ਹੈ, ਜਿਸਦਾ ਮਨੋਰਥ ਸਿੱਖੀ ਦੇ ਵਿਲੱਖਣ ਸਰੂਪ ਨੂੰ ਖ਼ਤਮ ਕਰਨਾ ਹੈ। ਇਨ੍ਹਾਂ ਸ਼ਹੀਦੀਆਂ ਦੀ ਬਰਕਤ ਨਾਲ ਸਿੱਖ ਕੌਮ ਵਿੱਚ ਇੱਕ ਨਵੀਂ ਜਾਗ੍ਰਿਤੀ ਆਈ ਅਤੇ ਇਹ ਅਹਿਸਾਸ ਪ੍ਰਬਲ ਹੋਇਆ ਕਿ ਭਾਰਤ ਵਿੱਚ ਸਿੱਖ ਗੁਲਾਮ ਹਨ, ਉਨ੍ਹਾਂ ਨਾਲ ਧੱਕਾ ਹੋ ਰਿਹਾ ਹੈ ਅਤੇ ਇਨਸਾਫ਼ ਦੀ ਕੋਈ ਉਮੀਦ ਨਹੀਂ ਹੈ। ਇਸੇ ਅਹਿਸਾਸ ਵਿੱਚੋਂ ਕੌਮ ਦੇ ਵੱਡੇ ਹਿੱਸੇ ਅੰਦਰ ਮੁੜ ਆਜ਼ਾਦੀ ਦੀ ਤਾਂਘ ਪੈਦਾ ਹੋਈ। ਇਸ ਜਾਗ੍ਰਿਤੀ ਤੋਂ ਪ੍ਰੇਰਿਤ ਹੋ ਕੇ, ਸਿੱਖ ਕੌਮ ਦੇ ਜੁਝਾਰੂ ਨੌਜਵਾਨਾਂ ਨੇ ਖਾਲਿਸਤਾਨ ਦੀ ਪ੍ਰਾਪਤੀ ਲਈ ਹਥਿਆਰਬੰਦ ਸੰਘਰਸ਼ ਦਾ ਮਾਰਗ ਚੁਣਿਆ। ਉਦੋਂ ਤੋਂ ਲੈ ਕੇ ਅੱਜ ਤੱਕ, ਸਾਡੀ ਜਥੇਬੰਦੀ ਇਸ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ। ਅਸੀਂ ਮੰਨਦੇ ਹਾਂ ਕਿ ਸੰਘਰਸ਼ ਦੇ ਰਾਹ 'ਤੇ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ, ਪਰ ਅਨੇਕਾਂ ਔਕੜਾਂ ਅਤੇ ਚੁਣੌਤੀਆਂ ਦੇ ਬਾਵਜੂਦ ਖਾਲਿਸਤਾਨ ਦੀ ਆਜ਼ਾਦੀ ਦਾ ਸੰਘਰਸ਼ ਨਿਰੰਤਰ ਜਾਰੀ ਹੈ। ਮੌਜੂਦਾ ਸਿੱਖ ਸੰਘਰਸ਼ ਵਿੱਚ ਆਈ ਖੜੋਤ ਦਾ ਇੱਕ ਵੱਡਾ ਕਾਰਨ ਸਰਕਾਰੀ ਜ਼ੁਲਮ ਦੀ ਇੰਤਹਾ ਹੈ, ਪਰ ਇਸ ਦੇ ਨਾਲ ਹੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਅੰਦਰ ਕੁਝ ਅਜਿਹੀਆਂ ਧਿਰਾਂ ਦੀ ਘੁਸਪੈਠ ਹੋਈ ਜੋ ਜਾਂ ਤਾਂ ਅਸੂਲਾਂ ਤੋਂ ਥਿੜਕ ਗਈਆਂ ਸਨ, ਜਾਂ ਸਰਕਾਰੀ ਸ਼ਿਹ 'ਤੇ ਸੰਘਰਸ਼ ਨੂੰ ਖੋਰਾ ਲਾਉਣ ਦਾ ਕੰਮ ਕਰਦੀਆਂ ਰਹੀਆਂ। ਪਰ ਜਿਹੜੀ ਗੁਰੂ ਤੋਂ ਵਰੋਸਾਈ ਖਾੜਕੂ ਧਿਰ ਇਸ ਸੰਘਰਸ਼ ਵਿੱਚ ਆਪਣਾ ਹਿੱਸਾ ਪਾ ਰਹੀ ਹੈ, ਉਹ ਹਥਿਆਰਬੰਦ ਸੰਘਰਸ਼ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਦੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ ਅਤੇ ਰਹੇਗੀ ਕਿ ਇਹ ਸੰਘਰਸ਼ ਪੂਰੀ ਤਰ੍ਹਾਂ ਗੁਰੂ ਸਾਹਿਬ ਦੇ ਸਿਧਾਂਤਾਂ ਅਤੇ ਗੁਰਮਤਿ ਦੇ ਆਸ਼ੇ ਅਨੁਸਾਰ ਲੜਿਆ ਜਾਵੇ। ਇਸ ਵਿੱਚ ਕੋਈ ਵੀ ਅਜਿਹੀ ਤਰੁੱਟੀ ਜਾਂ ਕਾਰਜ ਨਾ ਹੋਵੇ ਜੋ ਗੁਰੂ-ਆਸ਼ੇ ਦੇ ਉਲਟ ਹੋਵੇ। ਇਸੇ ਵਚਨਬੱਧਤਾ ਨਾਲ, ਸਾਡੀ ਜਥੇਬੰਦੀ ਖਾਲਸਾਈ ਸੰਘਰਸ਼ ਦੇ ਮਾਰਗ 'ਤੇ ਦ੍ਰਿੜਤਾ ਨਾਲ ਅੱਗੇ ਵੱਧ ਰਹੀ ਹੈ। ਜੇਕਰ ਅੱਜ ਖਾੜਕੂ ਧਿਰਾਂ ਨੂੰ ਇੱਕ ਪਾਸੇ ਰੱਖ ਕੇ ਵੇਖਿਆ ਜਾਵੇ, ਤਾਂ ਸਿੱਖ ਕੌਮ ਦੇ ਸਿਆਸੀ ਅਤੇ ਧਾਰਮਿਕ ਅਦਾਰੇ ਲਗਭਗ ਪੂਰੀ ਤਰ੍ਹਾਂ ਗੁਰੂ ਦੇ ਸਿਧਾਂਤਾਂ ਤੋਂ ਉਲਟ ਦਿਸ਼ਾ ਵਿੱਚ ਜਾ ਚੁੱਕੇ ਹਨ। ਇਸ ਦਾ ਸਿੱਟਾ ਇਹ ਹੈ ਕਿ ਅੱਜ ਪੰਥ ਇੱਕ ਗੰਭੀਰ ਸਿਆਸੀ ਅਤੇ ਧਾਰਮਿਕ ਅਗਵਾਈ ਦੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਜਿਹੜੀਆਂ ਵੀ ਧਿਰਾਂ ਅਗਵਾਈ ਦਾ ਦਾਅਵਾ ਕਰ ਰਹੀਆਂ ਹਨ, ਉਨ੍ਹਾਂ ਦੇ ਕਰਮ ਗੁਰੂ-ਹੁਕਮਾਂ ਦੇ ਅਨੁਸਾਰੀ ਨਹੀਂ ਹਨ। ਉਹ ਗੁਰੂ ਦਾ ਲੜ ਛੱਡ ਕੇ ਹਉਮੈ, ਸਵਾਰਥ ਅਤੇ ਨਿੱਜੀ ਲਾਲਚਾਂ ਦੀ ਲੜਾਈ ਵਿੱਚ ਉਲਝੀਆਂ ਹੋਈਆਂ ਹਨ। ਮੌਜੂਦਾ ਪੰਥਕ ਸਥਿਤੀ ਅਤੇ ਸੰਘਰਸ਼ ਪ੍ਰਤੀ ਅਸੀਂ ਕੁਝ ਗੱਲਾਂ ਸੰਗਤਾਂ ਨਾਲ ਕਰਨੀਆਂ ਚਾਹੁੰਦੇ ਹਾਂ ਤੇ ਜਥੇਬੰਦੀ ਪ੍ਰਤੀ ਕੁਝ ਸ਼ੰਕਿਆਂ ਨੂੰ ਸਪੱਸ਼ਟ ਕਰਨਾ ਚਾਹੁੰਦੇ ਹਾਂ। ਆਮ ਦੁਨਿਆਵੀ ਕਹਾਵਤ ਹੈ ਕਿ 'ਜੰਗ ਅਤੇ ਮੁਹੱਬਤ ਵਿੱਚ ਸਭ ਕੁਝ ਜਾਇਜ਼ ਹੈ' ਪਰ ਖਾਲਸਾ ਪੰਥ ਇਸ ਕਹਾਵਤ ਨੂੰ ਮੁੱਢੋਂ ਰੱਦ ਕਰਦਾ ਹੈ। ਸਾਡਾ ਸਿਧਾਂਤ ਹੈ ਕਿ ਜੰਗ ਦੇ ਮੈਦਾਨ ਵਿੱਚ ਵੀ ਗੁਰੂ ਦੇ ਹੁਕਮਾਂ ਅਤੇ ਗੁਰਮਤਿ ਦੇ ਅਸੂਲਾਂ 'ਤੇ ਪਹਿਰਾ ਦੇਣਾ ਲਾਜ਼ਮੀ ਹੈ। ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਦੀ ਸਦਾ ਇਹ ਕੋਸ਼ਿਸ਼ ਰਹੀ ਹੈ ਕਿ ਸੰਘਰਸ਼ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਸਿਧਾਂਤਾਂ ਦੇ ਦਾਇਰੇ ਵਿੱਚ ਰਹਿ ਕੇ ਹੀ ਲੜਿਆ ਜਾਵੇ। ਜਥੇਬੰਦੀ ਦੀ ਆਰੰਭਤਾ ਤੋਂ ਲੈ ਕੇ ਅੱਜ ਤੱਕ, ਅਸੀਂ ਸੰਘਰਸ਼ ਦੀ ਸੇਵਾ ਸੰਗਤਾਂ ਵੱਲੋਂ ਦਿੱਤੇ ਦਸਵੰਧ ਨਾਲ ਹੀ ਨਿਭਾਈ ਹੈ। ਭਾਵੇਂ ਸਾਨੂੰ ਕਿੰਨੀਆਂ ਵੀ ਤੰਗੀਆਂ-ਤੁਰਸ਼ੀਆਂ ਵਿੱਚੋਂ ਲੰਘਣਾ ਪਿਆ, ਪਰ ਸਾਡੀ ਟੇਕ ਹਮੇਸ਼ਾ ਗੁਰੂ ਰੂਪ ਸੰਗਤ 'ਤੇ ਹੀ ਰਹੀ ਹੈ। ਸੋ ਸਪੱਸ਼ਟ ਰਹੇ ਕਿ ਜੇ ਕੋਈ ਵਿਅਕਤੀ ਸਾਡੀ ਜਥੇਬੰਦੀ ਦਾ ਨਾਮ ਵਰਤ ਕੇ ਕਿਸੇ ਨੂੰ ਫੰਡ ਦੇਣ ਲਈ ਧਮਕਾਉਂਦਾ ਹੈ ਤਾਂ ਉਹ ਵਿਅਕਤੀ ਸਾਡਾ ਨਹੀਂ ਹੋ ਸਕਦਾ। ਆਪਣਿਆਂ ਤੋਂ ਜਬਰਦਸਤੀ ਫੰਡ ਇਕੱਠਾ ਕਰਨਾ ਨਾ ਕਦੇ ਸਾਡੇ ਅਸੂਲਾਂ ਦਾ ਹਿੱਸਾ ਸੀ, ਨਾ ਹੈ ਅਤੇ ਨਾ ਹੀ ਕਦੇ ਹੋਵੇਗਾ। ਹਾਂ, ਦਸਵੰਧ ਤੋਂ ਇਲਾਵਾ ਫੰਡ ਇਕੱਠਾ ਕਰਨ ਦਾ ਇੱਕ ਤਰੀਕਾ ਗੁਰਮਤਿ ਅਨੁਸਾਰ ਜਾਇਜ਼ ਹੈ, ਉਹ ਹੈ ਦੁਸ਼ਮਣ ਦੇ ਜੰਗੀ ਸਾਜ਼ੋ-ਸਾਮਾਨ ਜਾਂ ਉਸਦੇ ਖਜ਼ਾਨੇ 'ਤੇ ਕਬਜ਼ਾ ਕਰਨਾ। ਪਰ ਇਸ ਦੀ ਸ਼ਰਤ ਇਹ ਹੈ ਕਿ ਉਹ ਸਾਡਾ ਪ੍ਰਤੱਖ ਦੁਸ਼ਮਣ ਹੋਵੇ ਜਾਂ ਪੂਰੀ ਤਰ੍ਹਾਂ ਦੁਸ਼ਮਣ ਦੀਆਂ ਸਫ਼ਾਂ ਵਿੱਚ ਖੜ੍ਹਾ ਹੋਵੇ। ਕਿਸੇ ਕਮਜ਼ੋਰ, ਗਰੀਬ, ਨਿਰਦੋਸ਼ ਜਾਂ ਨਿਹੱਥੇ ਨੂੰ ਡਰਾਉਣਾ-ਧਮਕਾਉਣਾ ਸਿੱਖੀ ਸਿਧਾਂਤਾਂ ਦੇ ਬਿਲਕੁਲ ਉਲਟ ਹੈ। ਜਥੇਬੰਦੀ ਦਾ ਅਸੂਲ ਰਿਹਾ ਹੈ ਕਿ ਕਦੇ ਵੀ ਨਿਮਾਣੇ, ਗਰੀਬ ਜਾਂ ਕਮਜ਼ੋਰ 'ਤੇ ਹੱਥ ਨਹੀਂ ਚੁੱਕਣਾ ਤੇ ਬੇਦੋਸ਼ੇ ਤੇ ਵਾਰ ਨਹੀਂ ਕਰਨਾ। ਸਿੱਖੀ ਦਾ ਸ਼ਾਨਾਂਮੱਤਾ ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ ਤਾਕਤ, ਮਜ਼ਲੂਮਾਂ ਦੀ ਰੱਖਿਆ ਲਈ ਹੈ, ਨਾ ਕਿ ਡਰਾਉਣ-ਧਮਕਾਉਣ ਲਈ। ਗੁਰਬਾਣੀ ਵਿੱਚ ਜ਼ਾਲਮ ਬਾਬਰ ਵੱਲੋਂ ਜ਼ੁਲਮ ਕਰਨ ਬਾਰੇ ਗੁਰਬਾਣੀ ਵਿੱਚ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥' ਰਾਹੀਂ ਜੋ ਸਾਨੂੰ ਸਿੱਖਿਆ ਦਿੱਤੀ ਸੀ ਉਸ ਪ੍ਰਤੀ ਸੁਚੇਤ ਹਾਂ। ਇਸ ਤੋਂ ਇਲਾਵਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹੁਕਮ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥' ਅਨੁਸਾਰ ਨਾ ਹੀ ਜਥੇਬੰਦੀ ਕਿਸੇ ਬੇਦੋਸ਼ੇ ਜਾਂ ਮਜ਼ਲੂਮ ਨੂੰ ਬੇਵਜ੍ਹਾ ਡਰਾਉਂਦੀ ਹੈ ਅਤੇ ਨਾ ਹੀ ਕਿਸੇ ਜਰਵਾਣੇ ਦਾ ਡਰ-ਭੈਅ ਮੰਨਦੀ ਹੈ। ਜਥੇਬੰਦੀ ਅਨੁਸਾਰ ਪੰਥਕ ਸੇਵਾ ਦਾ ਮਾਰਗ ਜ਼ੁਲਮ ਦਾ ਟਾਕਰਾ ਕਰਨ ਦਾ ਹੈ, ਨਾ ਕਿ ਨਿਮਾਣਿਆਂ ਨਿਤਾਣਿਆਂ ਤੇ ਜ਼ੁਲਮ ਕਰਨ ਦਾ। ਅਸੀਂ ਸਦਾ ਹੀ ਖਿਆਲ ਰੱਖਿਆ ਹੈ ਕਿ ਸਾਡੀ ਤਾਕਤ ਜਾਂ ਪ੍ਰਭਾਵ ਕਿਸੇ ਨਿਰਦੋਸ਼ ਲਈ ਡਰ ਦਾ ਕਾਰਨ ਨਾਂ ਬਣੇ। ਵਿਦੇਸ਼ਾਂ ਦੀ ਬਜਾਏ, ਸਾਡਾ ਕਾਰਜ ਖੇਤਰ ਮੁੱਖ ਤੌਰ ਤੇ ਪੰਜਾਬ ਅਤੇ ਭਾਰਤ ਤੱਕ ਸੀਮਤ ਹੈ। ਸੋ ਦੇਸ਼-ਵਿਦੇਸ਼ ਵਿੱਚ ਹੋਈ ਕਿਸੇ ਗੈਰ ਸਿਧਾਂਤਿਕ ਕਾਰਵਾਈ ਉਤੇ ਜੇਕਰ ਭਾਰਤ ਸਰਕਾਰ ਵੱਲੋਂ ਸਾਡਾ ਨਾਮ ਮੜਿਆ ਜਾਂਦਾ ਹੈ ਤਾਂ ਉਹ ਸਰਕਾਰ ਵੱਲੋਂ ਅਤੇ ਸਰਕਾਰੀ ਮੀਡੀਏ ਵੱਲੋਂ ਸੰਘਰਸ਼ ਨੂੰ ਬਦਨਾਮ ਕਰਨ ਦੀ ਕੋਝੀ ਚਾਲ ਹੈ ਜਿਸ ਤੋਂ ਸਿੱਖ ਕੌਮ ਨੂੰ ਸੁਚੇਤ ਰਹਿਣ ਦੀ ਲੋੜ ਹੈ। ਇਸ ਤੋਂ ਇਲਾਵਾ ਸਿੱਖੀ ਦੇ ਭੇਸ ਵਿੱਚ ਬੈਠੇ ਕੁਝ ਟਾਊਟ ਤੇ ਬੁੱਕਲ ਦੇ ਸੱਪ ਵੀ ਸੰਘਰਸ਼ ਨੂੰ ਬਦਨਾਮ ਕਰਨ ਲਈ ਅਤੇ ਜਥੇਬੰਦੀ ਦੇ ਨਾਮ ਨੂੰ ਢਾਹ ਲਾਉਣ ਲਈ ਯਤਨਸ਼ੀਲ ਰਹਿੰਦੇ ਹਨ ਉਹਨਾਂ ਤੋਂ ਵੀ ਸੰਗਤਾਂ ਅਗਾਹ ਰਹੇ। ਮੌਜੂਦਾ ਦੌਰ ਵਿੱਚ, ਭਾਰਤ ਦੀ ਬ੍ਰਾਹਮਣਵਾਦੀ ਸਰਕਾਰ ਸਿੱਖਾਂ ਅੰਦਰ ਸੰਘਰਸ਼ ਪ੍ਰਤੀ ਨਫ਼ਰਤ ਭਰਨ ਲਈ ਮਨੋਵਿਗਿਆਨਕ ਲੜਾਈ ਲੜੀ ਜਾ ਰਹੀ ਹੈ। ਇਸ ਪ੍ਰਤੀ ਵੀ ਕੌਮ ਨੂੰ ਜਾਗਰੂਕ ਅਤੇ ਸੁਚੇਤ ਰਹਿਣ ਦੀ ਲੋੜ ਹੈ। ਜਦੋਂ ਕਿਸੇ ਖਾੜਕੂ ਜਥੇਬੰਦੀ ਖਿਲਾਫ ਸਰਕਾਰੀ ਪ੍ਰਾਪੇਗੰਡਾ ਕੀਤਾ ਜਾਂਦਾ ਹੈ ਤਾਂ ਵਿਦਵਾਨਾਂ, ਬੁੱਧੀਜੀਵੀਆ, ਪੱਤਰਕਾਰਾਂ ਤੇ ਸੰਘਰਸ਼ ਪ੍ਰਤੀ ਸੁਹਿਰਦ ਸਿੱਖਾਂ ਦਾ ਫਰਜ਼ ਬਣਦਾ ਹੈ ਕਿ ਉਹ ਸਰਕਾਰੀ ਪ੍ਰਾਪੇਗੰਡੇ ਨੂੰ ਨੰਗਾ ਕਰਕੇ ਸੰਘਰਸ਼ ਦਾ ਸਾਥ ਦੇਣ। ਸਾਡੀ, ਅਜ਼ਾਦੀ ਦੇ ਘੋਲ ਵਿੱਚ ਵਿੱਚ ਹਿੱਸਾ ਪਾਉਣ ਲਈ ਤਤਪਰ ਨਵੀਂ ਪੀੜ੍ਹੀ ਦੇ ਨੌਜਵਾਨਾਂ ਨੂੰ ਵੀ ਬੇਨਤੀ ਹੈ ਕਿ ਸੰਘਰਸ਼ ਕਰਨ ਦਾ ਭਾਵ ਨਿਰਾ ਤਾਕਤ ਦਾ ਬੇਦਰੇਗ ਦਿਖਾਵਾ ਨਹੀਂ ਹੈ, ਸਗੋਂ ਗੁਰੂ ਸਾਹਿਬ ਦੇ ਹੁਕਮਾਂ ਅਤੇ ਸਿੱਖੀ ਅਸੂਲਾਂ 'ਤੇ ਪੱਕੇ ਰਹਿੰਦਿਆ ਜ਼ੁਲਮ ਦਾ ਟਾਕਰਾ ਕਰਨਾ ਹੈ। ਸਾਨੂੰ ਗੁਰੂ ਸਾਹਿਬ ਦਾ ਇਹ ਹੁਕਮ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਸਾਡੇ ਕਰਮ ਸਿੱਖੀ ਸਿਧਾਂਤਾਂ ਅਨੁਸਾਰੀ ਨਹੀਂ ਹਨ ਤਾਂ ਕੇਵਲ ਬਹਾਦਰੀ ਦਿਖਾਉਣ ਨਾਲ ਗੁਰੂ ਪ੍ਰਸੰਨ ਨਹੀਂ ਹੁੰਦਾ। ਗੁਰੂ ਸਾਹਿਬ ਦਾ ਫੁਰਮਾਨ ਹੈ:

ਨ ਭੀਜੈ ਭੇੜਿ ਮਰਹਿ ਭਿੜਿ ਸੂਰ॥ਨ ਭੀਜੈ ਕੇਤੇ ਹੋਵਹਿ ਧੂੜਿ॥
ਲੇਖਾ ਲਿਖੀਐ ਮਨ ਕੈ ਭਾਇ॥ ਨਾਨਕ ਭੀਜੈ ਸਾਚੈ ਨਾਇ॥2॥

ਅਖੀਰ ਵਿੱਚ ਸਾਡੀ ਸਮੁੱਚੀ ਸਿੱਖ ਕੌਮ ਨੂੰ ਬੇਨਤੀ ਹੈ ਕਿ ਆਪਣੇ ਅਜ਼ਾਦ ਘਰ ਖਾਲਿਸਤਾਨ ਦੀ ਪ੍ਰਾਪਤੀ ਦੇ ਸੰਘਰਸ਼ ਨੂੰ ਆਪਣਾ ਤਨ, ਮਨ ਅਤੇ ਧਨ ਸਮਰਪਿਤ ਕਰੋ। ਸੰਘਰਸ਼ ਦੇ ਰਾਹ ਵਿੱਚ ਆਉਣ ਵਾਲੇ ਉਤਰਾਅ-ਚੜ੍ਹਾਅ ਸਾਡਾ ਰਾਹ ਨਹੀਂ ਰੋਕ ਸਕਦੇ, ਸਗੋਂ ਇਹ ਸਾਡੇ ਇਰਾਦਿਆਂ ਨੂੰ ਹੋਰ ਮਜ਼ਬੂਤ ਕਰਦੇ ਹਨ। ਗੁਰੂ ਮਹਾਰਾਜ ਦਾ ਭਾਣਾ ਮੰਨਦਿਆਂ, ਸਿੱਖ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਅਤੇ ਆਪਣੇ ਸ਼ਾਨਾਮੱਤੇ ਇਤਿਹਾਸ ਤੋਂ ਪ੍ਰੇਰਣਾ ਲੈਂਦਿਆਂ ਆਓ ਸੰਘਰਸ਼ ਦੀ ਅਗਨ ਨੂੰ ਹੋਰ ਪ੍ਰਚੰਡ ਕਰੀਏ। ਸਤਿਗੁਰ ਸੱਚੇ ਪਾਤਿਸ਼ਾਹ ਮਿਹਰ ਕਰਨਗੇ ਤੇ ਇਹ ਸੰਘਰਸ਼ ਮੁੜ ਚੜ੍ਹਦੀਆਂ ਕਲਾ ਵਿੱਚ ਜਾਵੇਗਾ ਤੇ ਜ਼ੁਲਮ ਦਾ ਨਾਸ ਹੋਵੇਗਾ ਅਤੇ ਸਿੱਖ ਕੌਮ ਆਪਣੀਆਂ ਅੱਖਾਂ ਨਾਲ ਆਜ਼ਾਦੀ ਦਾ ਚੜ੍ਹਦਾ ਹੋਇਆ ਸੂਰਜ ਜ਼ਰੂਰ ਦੇਖੇਗੀ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

**ਵਧਾਵਾ ਸਿੰਘ ਬੱਬਰ**
**ਮੁੱਖ ਸੇਵਾਦਾਰ ਬੱਬਰ ਖਾਲਸਾ ਇੰਟਰਨੈਸ਼ਨਲ**

## ਇੱਕ ਨਜ਼ਰ...



### ਸ਼੍ਰੀਨਗਰ ਵਿਖੇ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਕਰਵਾਏ ਪ੍ਰੋਗਰਾਮ ਦਾ ਜਥੇਦਾਰ ਗੜ੍ਹਗੱਜ ਨੇ ਲਿਆ ਸਖ਼ਤ ਨੋਟਿਸ

ਨਵੀਂ ਦਿੱਲੀ, 25 ਜੁਲਾਈ (ਆਵਾਜ਼ਿ ਕੌਮ ਬਿਊਰੋ): ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਸਕੱਤਰੇਤ ਦਫ਼ਤਰ ਵਿਖੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਜੋ ਪ੍ਰੋਗਰਾਮ ਸ਼੍ਰੀਨਗਰ ਵਿੱਚ ਕਰਵਾਇਆ ਹੈ ਉਸ ਨੇ ਸਿੱਖ ਸੰਸਥਾਵਾਂ ਵੱਲੋਂ ਪ੍ਰਗਟਾਏ ਖਦਸ਼ਿਆਂ ਨੂੰ ਸਹੀ ਸਾਬਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਕੀਤੇ ਗਏ ਨਾਚ-ਗਾਣੇ ਤੇ ਮਨੋਰੰਜਨ ਰਾਹੀਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਸਿੱਖੀ ਸਿਧਾਂਤ ਅਨੁਸਾਰ ਸ਼ਹਾਦਤ ਦਾ ਬਹੁਤ ਹੀ ਪਵਿੱਤਰ ਸਥਾਨ ਹੈ ਅਤੇ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ. ਬਹਾਦਰ ਜੀ ਦੀ ਸ਼ਹਾਦਤ ਸਬੰਧੀ ਕਰਵਾਏ ਪ੍ਰੋਗਰਾਮ ਵਿੱਚ ਗੁਰਮਤਿ ਮਰਯਾਦਾ ਅਤੇ ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਫ਼ਲਸਫ਼ੇ ਦੇ ਵਿਰੁੱਧ ਕਾਰਵਾਈਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿਦੇਸ਼ ਤੋਂ ਸਿੱਖ ਸੰਗਤਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਸ ਪ੍ਰੋਗਰਾਮ ਨੂੰ ਕਰਵਾਉਣ ਵਾਲੇ ਅਤੇ ਇਸ ਵਿੱਚ ਸ਼ਮੂਲੀਅਤ ਕਰਨ ਵਾਲੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ, ਭਾਸ਼ਾ ਵਿਭਾਗ ਦੇ ਡਾਇਰੈਕਟਰ ਅਤੇ ਗਾਇਕ ਸ. ਬੀਰ ਸਿੰਘ ਦੇ ਵਿਰੁੱਧ ਕਈ ਸ਼ਿਕਾਇਤਾਂ ਪੁੱਜੀਆਂ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਇਸ ਦੇ ਭਾਸ਼ਾ ਵਿਭਾਗ ਨੂੰ ਆਪੋ-ਆਪਣੇ ਫ਼ਰਜ਼ ਸਮਝਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਕੰਮ ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇਣਾ ਨਹੀਂ ਅਤੇ ਨਾ ਹੀ ਗੁਰਮਤਿ ਸਮਾਗਮ ਕਰਵਾਉਣਾ ਹੈ, ਇਸ ਲਈ ਸਿੱਖ ਸੰਸਥਾਵਾਂ ਅਤੇ ਖ਼ਾਲਸਾ ਪੰਥ ਸਮਰੱਥ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜੇਕਰ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਲੈ ਕੇ ਸੁਹਿਰਦ ਹੈ ਤਾਂ ਉਸ ਨੂੰ ਵਿਕਾਸ ਕਾਰਜ ਅਤੇ ਸ਼ਤਾਬਦੀ ਮਨਾਉਣ ਲਈ ਹੋਰ ਲੋੜੀਂਦੇ ਪ੍ਰਬੰਧਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਬਿਹਾਰ ਸਰਕਾਰ ਤੋਂ ਸੇਧ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਗੁਰਪੁਰਬ ਕਿਵੇਂ ਖ਼ਾਲਸਾ ਪੰਥ ਦੇ ਸਹਿਯੋਗ ਨਾਲ ਮਨਾਇਆ ਗਿਆ ਸੀ। ਨੌਵੇਂ ਪਾਤਸ਼ਾਹ ਨਾਲ ਸਬੰਧਤ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਨੂੰ ਆਉਂਦੇ ਰਸਤੇ ਟੁੱਟੇ ਪਏ ਹਨ, ਸਾਫ਼-ਸਫ਼ਾਈ ਦਾ ਬੁਰਾ ਹਾਲ ਹੈ ਤੇ ਅਵਾਰਾ ਕੁੱਤਿਆਂ ਦੀ ਭਰਮਾਰ ਹੈ, ਉਹ ਠੀਕ ਕਰਵਾਏ ਜਾਣ। ਸ਼ਤਾਬਦੀ ਦੇ ਮੁੱਖ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਜਾਣੇ ਹਨ, ਗੜ੍ਹਸ਼ੰਕਰ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਂਦੀ ਸੜਕ ਦਾ ਬੁਰਾ ਹਾਲ ਹੈ ਤੇ ਇਸ ਦਾ ਕਾਰਜ ਕਾਰ ਸੇਵਾ ਵਾਲੇ ਮਹਾਂਪੁਰਖ ਕਰ ਰਹੇ ਹਨ ਅਤੇ ਇਸੇ ਰਸਤੇ ਉੱਤੇ ਪੈਂਦੇ ਪੁਲ ਦੀ ਹਾਲਤ ਵੀ ਬਹੁਤ ਮਾੜੀ ਹੈ, ਪੰਜਾਬ ਸਰਕਾਰ ਉਸ ਨੂੰ ਠੀਕ ਕਰਵਾਏ। ਇਸੇ ਤਰ੍ਹਾਂ ਬਾਬਾ ਬਕਾਲਾ ਸਾਹਿਬ ਵਿਖੇ ਵੀ ਵਿਕਾਸ ਕਾਰਜਾਂ ਤੇ ਸ਼ਹਿਰ ਪ੍ਰਬੰਧ ਦਾ ਬੁਰਾ ਹਾਲ ਹੈ। ਸਰਕਾਰ ਸ੍ਰੀ ਗੁਰੂ ਤੇਗ. ਬਹਾਦਰ ਜੀ ਨਾਲ ਸਬੰਧਤ ਸ਼ਹਿਰਾਂ ਵਿੱਚ ਵਿਕਾਸ ਕਾਰਜ ਕਰਵਾਏ ਅਤੇ ਗੁਰੂ ਸਾਹਿਬ ਦੇ ਨਾਮ ਉੱਤੇ ਹਸਪਤਾਲ, ਕਾਲਜ ਜਾਂ ਹੋਰ ਸੰਸਥਾਨ ਸ਼ੁਰੂ ਕਰੇ। ਉਨ੍ਹਾਂ ਕਿਹਾ ਕਿ ਸਰਕਾਰ ਦੇ ਕਰਨ ਵਾਲੇ ਅਜਿਹੇ ਬਹੁਤ ਕਾਰਜ ਹਨ ਜੋ ਨਹੀਂ ਕੀਤੇ ਜਾ ਰਹੇ, ਉਲਟਾ ਧਾਰਮਿਕ ਮਾਮਲਿਆਂ ਬਾਰੇ ਸਮਝ ਨਾ ਹੋਣ ਦੇ ਬਾਵਜੂਦ ਅਜਿਹੇ ਸਮਾਗਮ ਕਰਵਾਏ ਜਾ ਰਹੇ ਹਨ ਜਿਨ੍ਹਾਂ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਵੱਜ ਰਹੀ ਹੈ। ਉਨ੍ਹਾਂ ਕਿਹਾ ਕਿ ਸੂਫ਼ੀ ਗਾਇਨ ਦਾ ਗੁਰਮਤਿ ਨਾਲ ਕੋਈ ਲੇਣਾ ਦੇਣਾ ਨਹੀਂ ਹੈ ਅਤੇ ਭਾਸ਼ਾ ਵਿਭਾਗ ਵੱਲੋਂ ਸ਼੍ਰੀਨਗਰ ਵਿੱਚ ਕਰਵਾਇਆ ਪ੍ਰੋਗਰਾਮ ਦੋਵੇਂ ਵਿਚਾਰਧਾਰਾਵਾਂ ਨੂੰ ਰਲਗੱਢ ਕਰਨ ਦੀ ਕੋਝੀ ਸਾਜ਼ਿਸ਼ ਅਤੇ ਸ਼ਰਾਰਤ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਸ਼ਾ ਵਿਭਾਗ ਦਾ ਕੰਮ ਅਜਿਹੇ ਸਮਾਗਮ ਕਰਵਾਉਣਾ ਨਹੀਂ ਬਲਕਿ ਇਹ ਸੰਸਥਾ ਸ੍ਰੀ ਗੁਰੂ ਤੇਗ. ਬਹਾਦਰ ਸਾਹਿਬ ਜੀ ਦੇ ਜੀਵਨ ਬਾਰੇ ਪੁਸਤਕਾਂ ਅਤੇ ਦਸਤਾਵੇਜ਼ ਪ੍ਰਕਾਸ਼ਿਤ ਕਰੇ। ਉਨ੍ਹਾਂ ਸਵਾਲ ਕੀਤਾ ਕਿ ਭਾਸ਼ਾ ਵਿਭਾਗ ਦੱਸੇ ਕਿ ਸ੍ਰੀ ਗੁਰੂ ਤੇਗ. ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਿੰਨੀਆਂ ਵਿਸ਼ੇਸ਼ ਪੁਸਤਕਾਂ ਅਤੇ ਦਸਤਾਵੇਜ਼ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ ਜਾਂ ਕੀਤੇ ਗਏ ਹਨ। ਉਨ੍ਹਾਂ ਭਾਸ਼ਾ ਵਿਭਾਗ ਨੂੰ ਵੀ ਚੇਤੰਨ ਕੀਤਾ ਕਿ ਜੇਕਰ ਕੋਈ ਪੁਸਤਕਾਂ ਪ੍ਰਕਾਸ਼ਿਤ ਕਰਨੀਆਂ ਹਨ ਤਾਂ ਉਨ੍ਹਾਂ ਵਿੱਚ ਕੋਈ ਇਤਿਹਾਸਕ ਤਰੁੱਟੀ ਨਾਲ ਹੋਵੇ ਅਤੇ ਉਨ੍ਹਾਂ ਰਾਹੀਂ ਗਲਤ ਬਿਰਤਾਂਤ ਨਾ ਸਿਰਜਿਆ ਜਾਵੇ।

### ਯੂਥ ਕੋਆਰਡੀਨੇਟਰਾਂ ਅਤੇ ਹਲਕਾ ਧੂਰੀ ਦੇ ਪਿੰਡਾਂ ਦੇ ਕਲੱਬ ਪ੍ਰਧਾਨਾਂ ਨਾਲ ਮੀਟਿੰਗ ਕੀਤੀ



ਧੂਰੀ, 25 ਜੁਲਾਈ ( ਰਣਜੀਤ ਸਿੰਘ ਪੇਧਨੀ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧੂਰੀ ਦਫਤਰ ਵਿਖੇ ਯੂਥ ਕੋਆਰਡੀਨੇਟਰਾਂ ਅਤੇ ਹਲਕਾ ਧੂਰੀ ਦੇ ਪਿੰਡਾਂ ਦੇ ਕਲੱਬ ਪ੍ਰਧਾਨ ਨਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਮਾਲਵਾ ਜ਼ੋਨ ਦੇ ਇੰਚਾਰਜ ਅਤੇ ਯੂਥ ਡੀਵਲਪਮੈਂਟ ਬੋਰਡ ਦੇ ਡਾਇਰੈਕਟਰ ਸੰਜੀਵ ਚੌਧਰੀ ਵਿਸੇਸ ਤੌਰ 'ਤੇ ਸਾਮਿਲ ਹੋਏ। ।ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਇਸ ਮੀਟਿੰਗ ਵਿੱਚ ਹਲਕਾ ਧੂਰੀ ਦੇ ਪਿੰਡਾਂ ਦੇ ਵਿੱਚ ਯੂਥ ਕਲੱਬਾਂ ਦਾ ਗਠਨ ਕਰਨ ਦੇ ਲਈ ਅਤੇ ਹਲਕੇ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਲਈ, ਖੇਡਾਂ ਵੱਲ ਪ੍ਰੇਰਨਾ ਅਤੇ ਨੌਜਵਾਨੀ ਪੱਧਰ ਉੱਚਾ ਚੁੱਕ ਕੇ ਹਰ ਖੇਤਰ ਵਿੱਚ ਨੌਜਵਾਨਾਂ ਨੂੰ ਮੋਹਰੀ ਬਨਾਉਣ ਲਈ ਵਿਸਥਾਰ ਪੂਰਵਕ ਵਿਚਾਰ ਚਰਚਾ ਹੋਈ। ਇਸ ਮੌਕੇ ਸਤਵੀਰ ਸਿੰਘ ਬਖਸ਼ੀਵਾਲਾ (ਜ਼ਿਲ੍ਹਾ ਪ੍ਰਧਾਨ ਯੂਥ ਵਿੰਗ), ਸਰਪੰਚ ਬਾਈ ਦਲਜੀਤ ਸਿੰਘ ਘਰਾਚੋਂ (ਜਿਲ੍ਹਾ ਜਨਰਲ ਸਕੱਤਰ ਯੂਥ ਵਿੰਗ), ਸਰਪੰਚ ਰੋਸ਼ੀ ਤੋਲੇਵਾਲ (ਯੂਥ ਵਿੰਗ ਜਿਲ੍ਹਾ ਪ੍ਰਧਾਨ ਮਲੇਰਕੋਟਲਾ), ਜੁੱਗ ਘਨੌਰ (ਯੂਥ ਕਲੱਬ ਹਲਕਾ ਕੋਆਰਡੀਨੇਟਰ, ਆਪ ਆਗੂ ਰਣਜੋਧ ਸਿੰਘ ਕਾਂਝਲਾ, ਸਿਕੰਦਰ ਘਨੌਰ, ਸਰਪੰਚ ਗੁਰਸੇਵਕ ਸਿੰਘ ਕੁੰਭੜਵਾਲ, ਬਚੀ ਦੁਗਣੀ, ਹਰਦੀਪ ਸਿੰਘ ਧੂਰੀ, ਸੰਭੂ ਧੂਰੀ, ਬੱਬੂ ਧੂਰੀ, ਅਰਸ ਧੂਰੀ , ਗੁਰਪ੍ਰੀਤ ਸਿੰਘ ਦੋਹਲਾ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਬਾਬਾ ਸਤਨਾਮ ਸਿੰਘ ਵੱਲੀਆਂ ਦੀ ਧਰਮ ਸੁਪਤਨੀ ਬੀਬੀ ਸੁਰਿੰਦਰ ਕੌਰ ਦੀ ਪੰਜਵੀਂ ਬਰਸੀ ਗੁਰਦੁਆਰਾ ਪਰਉਪਕਾਰੀ 'ਚ ਸ਼ਰਧਾ ਨਾਲ ਮਨਾਈ

















ਪਿਛਲੇ ਦਿਨੀਂ ਇੰਟਰਨੈਸ਼ਨਲ ਪੰਥਕ ਦਲ ਦੇ ਪੰਜਾਬ ਪ੍ਰਧਾਨ ਧਾਰਮਿਕ ਵਿੰਗ ਬਾਬਾ ਸਤਨਾਮ ਸਿੰਘ ਵੱਲੀਆਂ ਜੀ ਜੀ ਦੀ ਧਰਮ ਸੁਪਤਨੀ ਬੀਬੀ ਸੁਰਿੰਦਰ ਕੌਰ ਵੱਲੀਆਂ ਦੀ ਪੰਜਵੀਂ ਬਰਸੀ ਗੁਰਦੁਆਰਾ ਪਰਉਪਕਾਰੀ ਭਾਈ ਲੱਧਾ ਸਾਹਿਬ ਜੀ ਪਿੰਡ ਵੱਲੀਆਂ ਵਿਖੇ ਵਿਖੇ ਬੜੀ ਸ਼ਰਧਾ ਭਾਵਨਾ ਦੇ ਨਾਲ ਮਨਾਈ ਗਈ ਇਸ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਉਪਰੰਤ ਇਲਾਹੀ ਬਾਣੀ ਦਾ ਕੀਰਤਨ ਹੋਇਆ ਅਤੇ ਗੁਰੂ ਘਰ ਦੇ ਕਥਾ ਵਾਚਕ, ਪੰਥ ਪ੍ਰਚਾਰਕ, ਰਾਗੀ ਸਿੰਘਾਂ, ਢਾਡੀ ਸਿੰਘਾਂ ਅਤੇ ਕਥਾਵਾਚਕਾਂ ਨੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬੀਬੀ ਸੁਰਿੰਦਰ ਕੌਰ ਵੱਲੀਆਂ ਦੇ ਜੀਵਨ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਬੀ ਸੁਰਿੰਦਰ ਕੌਰ ਵੱਲੀਆਂ ਬਾਣੀ ਅਤੇ ਬਾਣੇ ਦੇ ਧਾਰਨੀ ਸੇਵਾ ਦੇ ਪੁੰਜ ਅਤੇ ਇੱਕ ਗੁਰਮੁਖ ਰੂਹ ਸਨ ।

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਵਿੰਗ ਵੱਲੋਂ 'ਪ੍ਰਚਾਰਕ ਟ੍ਰੇਨਿੰਗ ਕੈਂਪ' ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਵਿਖੇ 21-22-23 ਜੁਲਾਈ ਨੂੰ ਲਗਾਇਆ ਗਿਆ











ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਵਿੰਗ ਵੱਲੋਂ "ਪ੍ਰਚਾਰਕ ਟ੍ਰੇਨਿੰਗ ਕੈਂਪ" ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਵਿਖੇ 21-22-23 ਜੁਲਾਈ ਨੂੰ ਲਗਾਇਆ ਗਿਆ ਜਿਸ ਵਿੱਚ ਪ੍ਰਚਾਰਕ ਸਿੰਘਾਂ ਨੇ ਨਿਸ਼ਾਨ ਸਾਹਿਬ ਨੂੰ ਸਲਾਮੀ ਦਿੱਤੀ ਇਸ ਸਮੇਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਆਜ਼ਾਦ,ਸਰਦਾਰ ਗੁਰਮੀਤ ਸਿੰਘ ਰਾਮਸਰ ਕਾਲਕਾ ਸੀਨੀਅਰ ਮੀਤ ਪ੍ਰਧਾਨ,ਸਰਦਾਰ ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ,ਸਰਦਾਰ ਸਵਰਨ ਸਿੰਘ ਬੁੰਗਾ ਟਿੱਬੀ ਚੇਅਰਮੈਨ ਲੰਗਰ ਖਰੀਦ ਵਿੰਗ,ਸਰਦਾਰ ਗੁਰਪਾਲ ਸਿੰਘ ਗੋਰਾ ਚੇਅਰਮੈਨ ਆਈ ਟੀ ਵਿੰਗ,ਸਰਦਾਰ ਰਜਿੰਦਰ ਸਿੰਘ ਬਰਾੜਾ ਚੇਅਰਮੈਨ ਐਨ ਆਰ ਆਈ ਵਿੰਗ,ਸਰਦਾਰ ਜਗਤਾਰ ਸਿੰਘ ਮਾਨ ਅੰਤਰਿੰਗ ਮੈਂਬਰ,ਕੈਪਟਨ ਦਿਲਬਾਗ ਸਿੰਘ ਚੇਅਰਮੈਨ ਡੇਅਰੀ ਵਿੰਗ,ਬੀਬੀ ਕਰਤਾਰ ਕੌਰ ਸ਼ਾਹਬਾਦ ਮਾਰਕੰਡਾ ਚੇਅਰਮੈਨ ਹੈਲਥ ਵਿੰਗ,ਸਰਦਾਰ ਸਰਬਜੀਤ ਸਿੰਘ ਜੰਮੂ ਸਕੱਤਰ ਧਰਮ ਪ੍ਰਚਾਰ,ਸਰਦਾਰ ਸਿਕੰਦਰ ਸਿੰਘ ਵਰਾਣਾ ਇੰਚਾਰਜ ਧਰਮ ਪ੍ਰਚਾਰ ਸਬ ਦਫ਼ਤਰ ਨਾਢਾ ਸਾਹਿਬ,ਭਾਈ ਬਲਵੰਤ ਸਿੰਘ ਗੋਪਾਲਾ ਇੰਚਾਰਜ ਧਰਮ ਪ੍ਰਚਾਰ ਸਬ ਦਫ਼ਤਰ ਸਿਰਸਾ,ਗਿਆਨੀ ਸੂਬਾ ਸਿੰਘ ਤਰਾਵੜੀ ਇੰਚਾਰਜ ਧਰਮ ਪ੍ਰਚਾਰ ਸਬ ਦਫਟਤਰ ਜੀਂਦ ਵੀ ਹਾਜ਼ਰ ਸਨ।

**ਯਾਦਗਾਰੀ ਤਸਵੀਰਾਂ**